39	੩੯	ਉਲਤਾਲੀ, ...	ਉਲਤਾਲਵਾਂ,
40	੪੦	ਚਾਲੀ, ...	ਚਲੀਹਵਾਂ, ਚਲੀਮਵਾਂ,
41	੪੧	ਇਕਤਾਲੀ, ...	ਇਕਤਾਹਲਵਾਂ,
42	੪੨	ਬੈਤਾਲੀ, ਬਤਾਲੀ, [ਤਾਲੀ,	ਬਿਆਹਲਵਾਂ,
43	੪੩	ਤਿਤਾਲੀ, ਤੈਤਾਲੀ, ਤ੍ਰਿ-	ਤਿਤਾਹਲਵਾਂ,
44	੪੪	ਚੌਤਾਲੀ, ...	ਚਤਾਹਲਵਾਂ,
45	੪੫	ਪੈਂਤਾਲੀ, ਪੰਤਾਲੀ, ...	ਪੈਂਤਾਹਲਵਾਂ,
46	੪੬	ਛਿਤਾਲੀ, ਛਤਾਲੀ, ...	ਛਿਤਾਹਲਵਾਂ,
47	੪੭	ਸੈਂਤਾਲੀ, ਸੰਤਾਲੀ, ...	ਸੈਂਤਾਹਲਵਾਂ,

48	੪੮	ਅਠਤਾਲੀ, ...	ਅਠਤਾਲੀਵਾਂ,
49	੪੯	ਉਲੰਜਾ, ਉਲਵੰਜਾ,	ਉਲੰਝਵਾਂ,
50	੫੦	ਪੰਜਾਹ, ...	ਪੰਜਾਹਵਾਂ,
51	੫੧	ਇਕਵੰਜਾ, ...	ਇਕਵੰਝਵਾਂ,
52	੫੨	ਬਵੰਜਾ, ...	ਬਵੰਝਵਾਂ,
53	੫੩	ਤਿਵੰਜਾ, ਤਿਰਵੰਜਾ,	ਤਿਵੰਝਵਾਂ,
54	੫੪	ਚੁਰੰਜਾ, ਚੌਰੰਜਾ, ...	ਚੁਰੰਝਵਾਂ,
55	੫੫	ਪਚਵੰਜਾ, ...	ਪਚਵੰਝਵਾਂ,
56	੫੬	ਛਿਵੰਜਾ, ਛਿਪੰਜਾ,	ਛਿਵੰਝਵਾਂ, ਛਿਪੰਝਵਾਂ,
57	੫੭	ਸਤਵੰਜਾ, ...	ਸਤਵੰਝਵਾਂ,
58	੫੮	ਅਠਵੰਜਾ, ...	ਅਠਵੰਝਵਾਂ,
59	੫੯	ਉਲਾਹਟ, ...	ਉਲਾਹਟਵਾਂ,
60	੬੦	ਸੱਠ, ...	ਸੱਠਵਾਂ,
61	੬੧	ਇਕਾਹਟ, ...	ਇਕਾਹਟਵਾਂ,
62	੬੨	ਬਾਹਟ, ...	ਬਾਹਟਵਾਂ,
63	੬੩	ਤ੍ਰੇਹਟ, ਤੇਹਟ, ...	ਤ੍ਰੇਹਟਵਾਂ,
64	੬੪	ਚੌਹਟ, ...	ਚੌਹਟਵਾਂ,
65	੬੫	ਪੈਂਹਟ, ...	ਪੈਂਹਟਵਾਂ,
66	੬੬	ਛਿਆਹਟ, ...	ਛਿਆਹਟਵਾਂ,
67	੬੭	ਸਤਾਹਟ, ...	ਸਤਾਹਟਵਾਂ,
68	੬੮	ਅਠਾਹਟ, ...	ਅਠਾਹਟਵਾਂ,
69	੬੯	ਉਲਾੱਤਰ, ...	ਉਲਾੱਤਰਵਾਂ,
70	੭੦	ਸੱਤਰ, [ਹੱਤਰ,	ਸੱਤਰਵਾਂ,
71	੭੧	ਇਕਹੱਤਰ, ਅਕ-	ਇਕਹੱਤਰਵਾਂ,
72	੭੨	ਬਹੱਤਰ, ...	ਬਹੱਤਰਵਾਂ,
73	੭੩	ਤਿਹੱਤਰ, ...	ਤਿਹੱਤਰਵਾਂ,
74	੭੪	ਚੁਹੱਤਰ, ਚੌਹੱਤਰ,	ਚੁਹੱਤਰਵਾਂ,
75	੭੫	ਪੰਜਹੱਤਰ, ...	ਪੰਜਹੱਤਰਵਾਂ,
76	੭੬	ਛਿਹੱਤਰ, ...	ਛਿਹੱਤਰਵਾਂ,
77	੭੭	ਸਤੱਤਰ, ...	ਸਤੱਤਰਵਾਂ,
78	੭੮	ਅਠੱਤਰ, ...	ਅਠੱਤਰਵਾਂ,
79	੭੯	ਉਲਾਸੀ, ...	ਉਲਾਸੀਵਾਂ,
80	੮੦	ਅੱਸੀ, ...	ਅੱਸੀਵਾਂ,
81	੮੧	ਇਕਾਸੀ, ...	ਇਕਾਹਸੀਵਾਂ, ਇਕਾਸੀਵਾਂ,
82	੮੨	ਬਿਆਸੀ, ...	ਬਿਆਹਸੀਵਾਂ, ਬਿਆਸੀਵਾਂ,

83	੮੩	ਤਿਰਾਸੀ, ਤਿਆਸੀ, ...	ਤਿਰਾਸੀਵਾਂ,
84	੮੪	ਚੁਰਾਸੀ, ਚੌਰਾਸੀ, ...	ਚੁਰਾਸੀਵਾਂ,
85	੮੫	ਪਚਾਸੀ, ...	ਪਚਾਸੀਵਾਂ,
86	੮੬	ਛਿਆਸੀ, ...	ਛਿਆਸੀਵਾਂ,
87	੮੭	ਸਤਾਸੀ, ...	ਸਤਾਸੀਵਾਂ,
88	੮੮	ਅਠਾਸੀ, ...	ਅਠਾਸੀਵਾਂ,
89	੮੯	ਉਲਾਨਵੇਂ, ...	ਉਲਾਹਨਵਾਂ,
90	੯੦	ਨੱਵੇ, ਨੱਬੇ, ...	ਨੱਭਾ, ਨੱਭਵਾਂ,
91	੯੧	ਇਕਾਨਵੇਂ, ਇਕਾਨਮੇਂ,...	ਇਕਾਹਨਵਾਂ,
92	੯੨	ਬਾਨਵੇਂ, ਬਾਨਮੇਂ, ...	ਬਾਹਨਵਾਂ, [ਤ੍ਰਿਨਵਾਂ,
93	੯੩	ਤਿਰਾਨਵੇਂ, ਤਿਰਾਨਮੇਂ,...	ਤਿਰਾਨਵਾਂ, ਤਿਰਾਨਵਾਂ,
94	੯੪	ਚੁਰਾਨਵੇਂ, ਚੁਰਾਨਮੇਂ, ...	ਚੁਰਾਹਨਵਾਂ, ਚੁਰਾਨਵਾਂ,
95	੯੫	ਪਚਾਨਵੇਂ, ਪਚਾਨਮੇਂ, ...	ਪਚਾਹਨਵਾਂ, ਪਚਾਨਵਾਂ,
96	੯੬	ਛਿਆਨਵੇਂ, ਛਿਆਨਮੇਂ,	ਛਿਆਹਨਵਾਂ, ਛਿਆਨਵਾਂ,
97	੯੭	ਸਤਾਨਵੇਂ, ਸਤਾਨਮੇਂ, ...	ਸਤਾਹਨਵਾਂ, ਸਤਾਨਵਾਂ,
98	੯੮	ਅਠਾਨਵੇਂ, ਅਠਾਨਮੇਂ,	ਅਠਾਹਨਵਾਂ, ਅਠਾਨਵਾਂ,
99	੯੯	ਨਵਿੰਨਵੇਂ, ਨਵਿੰਨਮੇਂ, ...	ਨਵਿੰਨਵਾਂ,
100	੧੦੦	ਸੌ, ਸੈਕੜਾ, ਸੈ, ...	ਸਇਆ, ਸੈਆ, ਸੋਵਾਂ.

In the column of ordinals, the terminal ਵਾਂ is always liable to be changed into ਮਾਂ.

Aggregate Numbers.

The quantity denoted by the fig.	1	is called	ਕਾਉ, or ਕਾਊਂ,
"	$1\frac{1}{2}$	".	ਡੇਢਾ,
"	2	"	ਦੂਲੀ,
"	$2\frac{1}{2}$	"	ਢਾਇਆ,
"	3	"	ਤਿਆਉਂ, or ਤਿਆਊਂ,
"	$3\frac{1}{2}$	"	ਉਂਟਾ, ਉਂਟਾ, or ਉਠਾ,
"	4	"	ਚੌਕਾ,
"	$4\frac{1}{2}$	"	ਔਂਚਾ, ਪੌਚਾ,
"	5	"	ਪਾਂਜਾ,
"	6	"	ਛੱਕਾ,
"	7	"	ਸਾਤਾ,
"	8	"	ਆਠਾ,
"	9	"	ਨੌਇਆਂ,

The quantity denoted by the fig.	10	is called	ਦਹਾ, ਦਹਾ-ਕਾ, ਦਹਾਖਾ,
"	20	"	ਕੋੜੀ, ਬੀਹ-ਝੀ, ਵੀਹਾ,
"	50	"	ਪੰਜਾਹ,
"	100	"	ਸੈ, ਸੈਂਝਾ, ਸੋ,
"	1,000	"	ਹਜ਼ਾਰ, ਸਹ-ਸਰ ਸਹੰਸਰ,
"	1,00,000	"	ਲੱਖ,
"	1,00,00,000 or 100 *lakhs*,	"	ਕਰੋੜ,
"	1,00,00,00,000, or 100 *karoṛs*,	"	ਅਰਬ,
"	1,00,00,00,00,000, or 100 *arbs*,	"	ਖਰਬ,
"	1,00,00,00,00,00,000, or 100 *kharbs*,	"	ਨੀਲ,
"	1,00,00,00,00,00,00,000, or 100 *nils*,	"	ਪਦਮ,
"	1,00,00,00,00,00,00,00,000, or 100 *padams*,	"	ਧਜਮ,
"	1,00,00,00,00,00,00,00,00,000, or 100 *dhājams*,	"	ਸੰਖ,
"	1,00,00,00,00,00,00,00,00,00,000, or 100 *sankhs*,	"	ਮਹਾਂ ਸੰਖ.

FRACTIONAL NUMBERS.

$\frac{1}{8}$	ਅੱਧ ਪਾਉ,	$2\frac{1}{4}$	ਸਵਾ ਦੋ,
$\frac{1}{4}$	ਪਾਉ, ਚੁਥਾਈ,	$2\frac{1}{2}$	ਢਾਈ,
$\frac{1}{3}$	ਤਿਹਾਈ,	$2\frac{3}{4}$	ਪੌਲੇ ਤਿੰਨ,
$\frac{3}{8}$	ਡੂਢ ਪਾਉ,	$3\frac{1}{4}$	ਸਵਾ ਤਿੰਨ,
$\frac{1}{2}$	ਅੱਧ, ਅੱਧਾ,	$3\frac{1}{2}$	ਸਾਢੇ ਤਿੰਨ,
$\frac{2}{3}$	ਦੋ ਤਿਹਾਈ,	$3\frac{3}{4}$	ਪੌਲੇ ਚਾਰ,
$\frac{3}{4}$	ਪੌਲ, ਤਿੰਨ ਪਾਉ,	$4\frac{1}{4}$	ਸਵਾ ਚਾਰ,
$1\frac{1}{4}$	ਸਵਾ, ਸਵਾਈ, ਸਵਾਇਆ,	$4\frac{1}{2}$	ਸਾਢੇ ਚਾਰ,
$1\frac{1}{2}$	ਡੂਢ, ਡੇਢ, ਡੇਉਢਾ,	$19\frac{3}{4}$	ਪੌਲੇ ਬੀਹ,
$1\frac{3}{4}$	ਪੌਲੇ ਦੋ,	$30\frac{1}{4}$	ਸਵਾ ਤੀਹ,

Fractional parts of hundreds, thousands, &c. may be expressed in like manner, thus—

50	ਅੱਧ ਸੈ,	125	ਸਵਾ ਸੈ,
75	ਪੌਲਾ ਸੈ,	150	ਡੂਢ ਸੈ,

175	ਪੌਲੇ ਦੋ ਸੈ,	2,500	ਢਾਈ ਹਜ਼ਾਰ,
225	ਸਵਾ ਦੋ ਸੈ,	50,000	ਅੱਧ ਲੱਖ,
250	ਢਾਈ ਸੈ,	75,000	ਪੌਣਾ ਲੱਖ,
350	ਸਾਢੇ ਤਿੰਨ ਸੈ,	125,000	ਸਵਾ ਲੱਖ,
375	ਪੌਣੇ ਚਾਰ ਸੈ,	150,000	ਡੇਢ ਲੱਖ,
1,250	ਸਵਾ ਹਜ਼ਾਰ,	2,50,00,000	ਢਾਈ ਕਰੋੜ,
1,500	ਡੇਢ ਹਜ਼ਾਰ,	175,00,00,000	ਪੌਣੇ ਦੋ ਸੌ ਕਰੋੜ.

Aggregate Numbers, with Special Applications.

ਜੋੜ, or ਜੋੜੀ, *a pair,*
ਟਕਾ, 2 *pice,*
ਗੰਡਾ, 4 *cowries,* 4 *pice,* or 4 *rupees,*
ਢਾਈਆ or ਢਾਯਾ, 2 ½ *seers,*
ਪਸੇਰੀ, or ਬੱਟੀ, 5 *seers,*
ਧੜੀ, 10 *seers,*
ਪੌਲ, 20 *seers,*
ਮਲ, 40 *seers,*
ਮਾਲੀ, { 12 *mans;* (in some places, and some things, 18 *mans,*)
ਨੇਵੜਾ, 9 *pieces of cloth.*

Words denoting Proportions.

ਡੇਢੀ, *one and a half to every whole one.*
ਪੰਜ ਢਈਂਜੀ, *in the proportion of two to three.*
ਪੰਜੋਤੜਾ or ਪਚੋਤੜਾ, *five to every hundred.*
ਦਸੋਤੜਾ, *ten to every hundred.*
ਅੱਧਲੀ, *in an equal proportion.*

Words denoting Fold.

ਦੁਲਾ, ਦੁਲੀ,	*twofold,*	ਅਠੋਲਾ, ਅਠਗੁਲਾ,	*eightfold,*
ਤੀਉਲਾ, ਤਿਗੁਲਾ,	*threefold,*	ਨੌਲਾ, ਨੌਗੁਲਾ,	*ninefold,*
ਚੌਲਾ, ਚੌਗੁਲਾ,	*fourfold,*	ਦਸੋਲਾ, ਦਸਗੁਲਾ,	*tenfold,*
ਪਚੋਲਾ, ਪੰਜੋਲਾ,	*fivefold,*	ਪੌਣ ਦੁਲੇ,	1 ¾ *fold,*
ਛਿਅੋਲਾ, ਛਿਗੁਲਾ,	*sixfold,*	ਢਗੁਲਾ, ਢਾਗੁਲਾ,	2 ½ *fold,*
ਸਤੋਲਾ, ਸਤਗੁਲਾ,	*sevenfold,*	ਪੌਣੇ ਤੀਉਲੇ,	2 ¾ *fold.*

Words relating to complexity.

ਇਕਹਰਾ, or ਕਹਿਰਾ, *single,*
ਦੋਹਰਾ, or ਦੋਹਰਮ, *double,*
ਤਿਹਰਾ, or ਤਿਹਰਮ, *triple,*
ਚੌਹਰਾ, ਚਉਹਰਾ, or ਚਉਹਰਮ, *quadruple,*
ਪੰਜੌਹਰਾ, or ਪੰਜਉਹਰਮ, *quintuple,*
ਛੇਅੋਰਾ, *sextuple,*
ਸਤੋਰਾ, *septuple.*

Days, in relation to the present.

ਅੱਜ, *to day,*
ਕੱਲ, *yesterday, to morrow,*
ਭਲ੍ਹਕ, ਭਲ੍ਹਕੇ, *to morrow,*
ਪਰਸੋਂ, *day before yesterday, day after to morrow,*
ਚੌਥ, *the fourth day, inclusive*—past or future,
ਪੰਜੌਥ, *the fifth day,* " " "
ਛਿਅੋਥ, *the sixth day,* " " "
ਸਤੋਥ, *the seventh day,* " " "
ਅਠੋਥ, *the eighth day,* " " "

The Days of the Week.

	(Hindú.)	(Muhammadan.)
Sunday,	ਆਇਤਵਾਰ,	ਆਇਤਵਾਰ,
Monday,	ਸੋਮਵਾਰ,	ਪੀਰ,
Tuesday,	ਮੰਗਲਵਾਰ,	ਮੰਗਲ,
Wednesday,	ਬੁਧਵਾਰ,	ਬੁਧ,
Thursday,	ਬੀਰਵਾਰ, ਵੀਰਵਾਰ,	ਜੁਮੇਰਾਤ,
Friday,	ਸੁਕਰਵਾਰ	ਜੁਮਾ,
Saturday,	ਬਾਰ, ਸਨੀਛਰਵਾਰ,	ਸਨੀਛਰ, ਹਫਤਾ.

The Months.

1	ਚੇਤ,	from the middle of	March	to the middle of	April,
2	ਵੈਸਾਖ,	"	April	"	May,
3	ਜੇਠ,	"	May	"	June,
4	ਹਾੜ, ਹਾੜ੍ਹ,	"	June	"	July,

5	ਸਾਉਣ,	from the middle	of July	to the middle	of August,
6	ਭਾਦੋਂ, ਭਾਦ੍ਰੋਂ,	"	Aug.	"	Sept.
7	ਅੱਸੂ,	"	Sept.	"	Oct.
8	ਕੱਤਕ,	"	Oct.	"	Nov.
9	ਮੱਘਰ,	"	Nov.	"	Dec.
10	ਪੋਹ,	"	Dec.	"	Jan.
11	ਮਾਘ,	"	Jan.	"	Feb.
12	ਫੱਗਲ,	"	Feb.	"	March.

The civil year begins with ਚੇਤ; the astronomical with ਵੈਸਾਖ.

The months here enumerated are used, for most purposes, by Hindús and Muhammadans, in common; and, as they are intended, like our own, to fill up the solar year, as nearly as possible, they in like manner, differ somewhat from each other in length.

Both Hindús and Muhammadans however, have their lunar months; the former employing them chiefly in banking business and accounts, the latter, for the regulation of their religious festivals. The religious rites of the Hindús are governed by the solar method of counting time. In naming the lunar months, the Hindús follow the common nomenclature; the Muhammadans follow the nomenclature of the Arabs: yet the names of those Arabian months only are generally known, which happen to be noted by some special observance.

Each lunar month, according to the Hindú count, is divided into two parts. The first, from new to full moon, is called ਸੁਦੀ, *sudí;* the second, from full to new moon, is called ਬਦੀ, *bddí.* The dates, (called ਤਿਥ or ਥਿਥ,) of these divisions, are reckoned separately; the number in each being 15. The names of the dates are as follows;—

1	ਏਕਮ,	9	ਨੌਮੀ, ਨਉਮੀ,
2	ਦੂਜ,	10	ਦਸਮੀ,
3	ਤੀਜ,	11	ਇਕਾਦਸੀ, ਗਾਦਸੀ,
4	ਚੌਥ,	12	ਦੁਆਦਸੀ,
5	ਪੰਚਮੀ,	13	ਤਿਗਾਦਸੀ, ਤਿਰੌਦਸੀ, ਤ੍ਰਿਓਦਸੀ,
6	ਛਠ, ਛਟ, ਖਸਟੀ,	14	ਚੌਦੇ,
7	ਸਤੈਂ, ਸਤਮੀ,	15	ਪੂੰਨਿਆ, ਪੂਰਨਮਾਸੀ, (for *Sudí,*)
8	ਅਠੈਂ, ਅਠਮੀ, ਅਸਟਮੀ, ਅੱਠੈਂ,		ਮੋਸ, ਅਮੱਸਿਆ, (for *Badí.*)

The solar months, and the Muhammadan lunar months, are counted from the beginning to the end, by the common ordinals. The common word for *date* is ਤਰੀਖ.

Notable Years.

The common numbers, modified in some instances, are used to denote years. The design is to abbreviate; just as in English we say, "the year '96." The era intended is that of Bikarmajít, which is the common Hindú era. With a few exceptions, chiefly at the beginning, these abbreviations run through the century; thus—

The year '11 ਗਿਆਰਹਾ,	The year '51 ਇਕਵੰਜਾ,
" '12 ਬਾਰਹਾ,	&c.
" '13 ਤੇਰਹਾ,	" '60 ਸੱਠਾ,
" '14 ਚੌਦਾਂ,	" '61 ਇਕਾਹਟਾ,
&c.	&c.
" '19 ਉੱਨੀਆ,	" '70 ਸੱਤਰਾ,
" '20 ਬੀਹਾ, ਪੌਲੀ,	" '71 ਇਕਹੱਤਰ,
" '21 ਇਕੀਹਾ, ਇਕਯਾ,	&c.
" '22 ਬਾਹਯਾ,	" '80 ਅੱਸੀਆ, ਅੱਸੀਹਾ,
&c.	" '81 ਇਕਾਹਸੀਆ, ਇਕਾਸੀਹਾ,
" '30 ਤੀਹਾ,	" '82 ਬਿਆਹਸੀਆ,
&c.	&c.
" '40 ਚਾਹਲੀਆ,	" '90 ਨੱਬਾ,
&c.	" '91 ਇਕਾਨਵਾਂ, ਇਕਾਨਮਾਂ,
" '50 ਪੰਜਾਹਾ,	&c.

Though all these are capable of being used, those only are in common use which have been distinguished by famines.

The Principal Points of the Compass.

North,	ਉੱਤਰ,	North East,	ਈਸਾਨ ਕੋਲ,
East,	ਪੂਰਬ,	South East,	ਅਗਨ ਕੋਲ,
South,	ਦੱਖਲ,	South West,	ਨਈਰਿਤ ਕੋਲ,
West,	ਪੱਛਮ,	North West,	ਬਾਇਬ ਕੋਲ.

No. II.

EXTRACTS.

"PANJABI CUSTOMS.

By a Panjabi.

ਮੰਗਲੀ ਦੀ ਰੀਤ ਇਸ ਪਰਕਾਰ ਹੈ, ਜੋ ਮੁਸਲਮਾਨ ਪੁਤਵਾਲੇ ਨਾਈ ਭੂਮ ਨੂੰ, ਅਰ ਹਿੰਦੂ ਨਾਈ ਯਾ ਪਰੋਹਤ ਨੂੰ, ਆਪਲੀ ਵਲੋਂ ਮੁਖਤਿਆਰ ਕਰਕੇ, ਕੁੜਮਾਈ ਕਰਨ ਲਈ ਘਲਦੇ ਹਨ, ਕਿ ਜਿੱਥੇ ਕਿਤੇ ਓਹ ਘਰ ਅਰ ਬਰ ਚੰਗਾ ਦੇਖਲ, ਉਥੇ ਮੰਗਲੀ ਕਰ ਦੇਲੈ, ਅਤੇ ਸਗਨ ਛਾੜਿ ਆਉਲ। ਅਤੇ ਇਸ ਦੇਸ ਵਿਚ ਕਈ ਜਾਤਾਂ ਦੇ ਇਸ ਤਰਾਂ ਦੀ ਚਾਲ ਹੈ, ਜੋ ਧਿਅੱਤੇ ਕੁੜਮਾਈ ਪੁਰ ਪੁਤੱਤੇ ਥੀਂ, ਸੋ, ਦੋ ਸੋ, ਤਿੰਨ ਸੋ, ਚਾਰ ਸੋ, ਯਾ ਪੰਜ ਸੋ ਰੁਪਏ ਤੀਕੁਰ, ਲੇਖਤ ਲੈ ਲੈਂਦੇ ਹਨ। ਤਿਸ ਪਿਛੇ ਪੁਤੱਤੇ ਅਰ ਧਿਅੱਤੇ ਕੱਠੇ ਹੋਕੇ ਸੱਕਰ ਦੀ ਰੋੜੀ ਮੁੰਡੇ ਕੁੜੀ ਦੇ ਮੂੰਹੁ ਪਾਉਂਦੇ, ਅਤੇ ਲੋਕਾਂ ਵਿਚ ਵੰਡਦੇ ਹਨ; ਇਸ ਲਈ ਜੋ ਓਹ ਲੋਕ ਕੁੜਮਾਈ ਕੀਤੀ ਦੇ ਉਗਾਹ ਰਹਿਲ। ਅਤੇ ਸੋਹਰਾ ਜਵਾਈ ਦੇ ਸੱਜੇ ਹੱਥ ਦੀ ਚੀਚੀ ਉਂਗਲੀ ਵਿਚ ਛੱਲਾ ਯਾ ਅੰਗੂਠੀ ਨਸਾਨੀ ਲਈ ਭਨਾ ਦਿੰਦਾ ਹੈ। ਅਤੇ ਜਦ ਤੀਕੁ ਨਕਾਹ ਨਾ ਹੋ ਲਏ, ਤਦ ਤੀਕੁਰ ਪੁੜੱਤੇ ਕੁੜੀ ਲਈ, ਹਰ ਤਿੰਹਾਰ ਪੁਰ, ਨਵੇਂ ਕੱਪੜੇ ਬਲਾਕੇ, ਨਾਈ ਦੇ ਹੱਥ ਘਲਦੇ ਰਹਿੰਦੇ ਹਨ; ਪਰ ਏਹ ਸਾਰੀਆਂ ਰੀਤਾਂ ਪੈਸੇ ਦੀਆਂ ਹਨ। ਗਰੀਬ

ਲੋਕ ਉਗਾਹੀ ਲਈ ਮੰਗਲੀ ਪੁਰ ਨਿਰੀ ੧੧ ਸੇਰ ਸੱਕਰ ਖੰਡ ਛਡਦੇ ਹਨ; ਅਤੇ ਮੰਗਲੀ ਦੀ ਸੱਕਰ ਦਾ ਇਹੋ ਗਿਆਰਾਂ ਸੇਰ ਦਸਤੂਰ ਹੈ; ਪਰ ਵਾਲਾ ਆਪਣੀ ਵਲੋਂ ਭਾਵੇਂ ਦਸ ਮਣ ਖੰਡ ਦੇਵੇ। ਅਤੇ ਮੁਸਲਮਾਨਾਂ ਦੇ ਜਦ ਲਗ ਕੁੜੀ ਦਾ ਪਿਉ ਸਰਾ ਜਵਾਬ ਨਾ ਦੇਵੇ, ਤਦ ਤੀਕਰ ਕੁੜਮਾਈ ਪੱਕੀ ਨਹੀਂ ਹੁੰਦੀ; ਭਾਵੇਂ ਸੌ ਸੱਕਰਾਂ ਦੇ ਵੰਡੇ ਜਾਣ। ਪਰੰਤੂ ਬਰਨੇ ਦਾ ਝੜਾਵਾ ਕੁੜੀ ਨੂੰ ਚਾੜ੍ਹਦੇ ਹਨ; ਅਤੇ ਉਹ ਇਹ ਹੈ, ਜੋ ਵਿਆਹ ਤੇ ਅਗੇ ਬਹੂ ਨੂੰ ਕੱਪੜੇ ਅਰ ਕੁਝ ਗਹਿਲਾ, ਅਤੇ ਕੁੜਮ ਅਰ ਕੁੜਮਨੀ ਲਈ ਭਨਾਉਲੀਆਂ, ਲੈ ਜਾਂਦੇ ਹਨ; ਅਗੋਂ ਓਹ ਬੀ ਉਨਾਂ ਲੋਕਾਂ ਨੂੰ, ਜੋ ਕੁੜਮ ਦੇ ਨਾਲ ਆਏ ਹੁੰਦੇ ਹਨ, ਭਨਾਉਲੀਆਂ ਦਿੰਦੇ ਹਨ। ਫੇਰ ਕੁਛ ਚਿਰ ਪਿਛੇ, ਜਾਂ ਪੁਤੱਤੇ, ਧਿਅੱਤੇ ਪੁਰ ਜੋਰ ਪਾਕੇ, ਆਖਦੇ ਹਨ, ਜੋ ਹੁਲ ਸਾ ਨੂੰ ਨਕਾਹ ਚੱਕ ਦਿਹ, ਤਾਂ ਧਿਅੱਤਾ ਵਿਆਹ ਦੀ ਗੰਢ ਪਾਉਲ ਲਈ ਪੁਤੱਤੇ ਦੇ ਜਾਂਦਾ ਹੈ, ਜਾ ਨਾਈ ਨੂੰ, ਮੋਲੀ ਦਾ ਤੰਦ ਦੇਕੇ, ਦਿਨ ਧਰਨ ਲਈ ਘੱਲ ਦਿੰਦਾ ਹੈ; ਅਤੇ ਆਪਣੇ ਨਾਤਿਆਂ ਸਾਕਾਂ ਨੂੰ ਗੰਢ ਭੇਜਕੇ ਖਬਰ ਕਰਦਾ ਹੈ, ਜੋ ਫਲਾਣੇ ਚੰਦ ਦੀ ਫਲਾਣੀ ਤਰੀਕੇ, ਫਲਾਣੇ ਮਕਾਨੋਂ, ਫਲਾਣੇ ਦੇ ਪੁੱਤ ਨੈ ਸਾਡੇ ਵਿਆਹੁਲ ਆਉਲਾ ਹੈ; ਚਾਹੀਦਾ ਹੈ, ਜੋ ਤੁਸੀਂ ਸਰਬੱਤ ਭਿਰਾਉ ਉਸ ਦਿਹਾੜੇ ਇਥੇ ਆਲ ਕੱਠੇ ਹੋਵੋ। ਇਸੀ ਤਰਾਂ ਪੁਤੱਤੇ ਆਪਣੇ ਨਾਤੇ ਸਾਕਾਂ ਅਰ ਜਾਨੀ ਮਿੱਤ੍ਰਾਂ ਨੂੰ ਗੱਠ ਘੱਲਦੇ, ਅਤੇ ਉਨਾਂ ਨੂੰ ਆਪਣੇ ਘਰ ਬੁਲਾਕੇ, ਜਨੇਤ ਬੰਨਕੇ ਵਿਆਹੁਲ ਚੜ੍ਹਦੇ ਹਨ। ਵਿਆਹ ਤੇ ਪਹਿਲੇ, ਜਾਂ ਗੱਠ ਪੈ ਚੁੱਕੀ, ਤਾਂ ਦੋਹੀਂ ਪਾਸੀਂ ਮੁੰਡੇ ਕੁੜੀ ਨੂੰ ਮਾਜੇਂ ਪਾਉਂਦੇ, ਅਕੇ ਤੇਲ ਝੜਾਉਂਦੇ ਹਨ; ਅਤੇ ਜ਼ੀਮਤਾਂ ਕੱਠੀਆਂ ਹੋਕੇ, ਬੰਨੀ ਦੇ ਹੱਥ ਕੰਙਲਾ ਬੰਨਕੇ, ਬਟਲਾ ਮਲਦੀਆਂ, ਸੁਹਾਗ

ਗਾਉਂਦੀਆਂ, ਅਤੇ ਮੁੰਡੇ ਕੁੜੀ ਨੇ ਮੂਹੁੰ ਸਗਨ ਲਾਉਂਦੀਆਂ, ਅਰਥਾਤ ਪੂੜੇ ਪਕਾਕੇ, ਅਰ ਉਨਾਂ ਉਤੇ ਘੇਉ ਸੱਕਰ, ਕੇ ਖੰਡ ਘੇਉ ਪਾਕੇ, ਖੁਆਲਦੀਆਂ ਹਨ। ਕਿਸੇ ਨੂੰ ਪੰਜਾਂ ਦਾ ਮਾਯਾਂ ਚਾੜ੍ਹਦੇ, ਅਰ ਕਿਸੇ ਨੂੰ ਸੱਤਾਂ ਦਾ; ਅਤੇ ਮਾਯੇਂ ਥੀਂ ਦੂਜੇ ਦਿਨ ਰਾਤ ਦੇ ਵੇਲੇ ਮੁੰਡੇ ਕੁੜੀ ਦੇ ਹੱਥੀਂ ਪੈਰੀਂ ਮਹਿੰਦੀ ਲਾਉਂਦੇ, ਅਤੇ ਸਵੇਰ ਨੂੰ ਨੁਲਹਾ ਧੁਲਹਾਕੇ, ਮੱਥੇ ਪੁਰ ਸਿਹਰਾ ਲਾਉਂਦੇ ਹਨ; ਪਰ ਇਤਨਾ ਫਰਕ ਹੈ, ਜੋ ਵਡੇ ਲੋਕਾਂ ਦੇ ਸੋਇਨੇ ਦੇ ਸਿਹਰੇ ਲਗਦੇ ਹਨ, ਅਰ ਗਰੀਬਾਂ ਦੇ ਫੁੱਲਾਂ ਦੇ ਲਗਦੇ ਹਨ। ਅਤੇ ਉਤ ਵੇਲੇ ਜਾਰ, ਦੇਸਤ, ਮਿੱਤ੍ਰ, ਅਤੇ ਭਾਈ ਚਾਰਾ ਆਕੇ, ਲਾੜੇ ਨੂੰ ਆਪੋ ਆਪਣੀ ਸਰਧਾ ਅਨੁਸਾਰ ਸਲਾਮੀ ਦਿੰਦੇ ਹਨ, ਅਤੇ ਤਿਸ ਪਿਛੇ ਜਨੇਤ ਬੰਨਕੇ ਵਿਆਹੁਲ ਜਾਂਦੇ ਹਨ; ਅਤੇ ਪਿੰਡੋਂ ਥੁਹੜੀ ਦੂਰ ਬਾਹਰ ਉਤਰਕੇ, ਧਿਅੱਤੇ ਨੂੰ ਖਬਰ ਕਰਦੇ ਹਨ, ਜੋ ਜੰਞ ਬਾਹਰ ਆਈ ਬੈਠੀ ਹੈ; ਤਾਂ ਧਿਅੱਤਾਂ ਪਿੰਡ ਦੇ ਲੋਕਾਂ ਨੂੰ ਕੱਠੇ ਕਰਕੇ ਮਿਲਨੀ ਕਰਨ, ਅਤੇ ਜੰਞ ਦੇ ਲਿਆਉਲ ਲਈ ਬਾਹਰ ਜਾਂਦਾ ਹੈ; ਅਤੇ ਜਨੇਤੀਏ ਅਛੇ ਸੁਥਰੇ ਬਸਤਰ ਪੈਹਿਨਕੇ, ਨਾਚ ਤਮਾਸਾ ਕਰਾਉਂਦੇ, ਅਤੇ ਹਵਾਈਆਂ ਚਹਿਕੇ ਚਲਾਉਂਦੇ ਬਸਤੀ ਵਿਚ ਉਤਾਰੇ ਦੀ ਜਾਗਾ ਤੀਕੁਰ ਪਹੁੰਚਕੇ ਡੇਰਾ ਕਰ ਦਿੰਦੇ ਹਨ, ਅਤੇ ਇਸ ਨਾਚ ਤਮਾਸੇ ਨੂੰ ਪਿਚਕਾਰਾ ਆਖਦੇ ਹਨ। ਅਤੇ ਜਾਂ ਵਡੀ ਰਾਤ ਬੀਤ ਜਾਂਦੀ ਹੈ, ਤਾਂ ਪੁਤੱਤਾ ਧਿਅੱਤੇ ਨੂੰ ਆਖਦਾ ਹੈ, ਜੋ ਛੇਤੀ ਨਕਾਹ ਦੇ ਦਿਓ; ਅਤੇ ਧਿਅੱਤਾ ਚਾਹੁੰਦਾ ਹੈ, ਜੋ ਪਹਿਲਾਂ ਜੰਞ ਨੂੰ ਰੋਟੀ ਖੁਲ੍ਹਾ ਦੇਜੇ, ਪਿਛੋਂ ਨਕਾਹ ਦੇਜੇ। ਓੜਕ ਪੁਤੱਤਾ ਨਕਾਹ ਲੈਕੇ, ਜਾਂਞੀਆਂ ਸਮੇ ਰੋਟੀ ਖਾਂਦਾ ਹੈ। ਪਰੰਤੂ ਕਈ ਲੋਕ ਨਕਾਹ ਪੁਰ ਬ

ਪੁਤੱਤੇ ਵੀ ਸੋ ਪੰਜਾਹ ਰੁਪੱਯਾ ਲੈ ਲੈਂਦੇ ਹਨ; ਅਤੇ ਕੋਈ ਲੋਕ ਲਾਗਾਂ ਛੁੱਟ ਇਕ ਕੌਡੀ ਵਾਧੂ ਨਹੀਂ ਲੈਂਦੇ; ਸਗੋਂ ਆਪਣੇ ਕੋਲੋਂ ਖੱਟ ਉਪੁਰ ਗਹਿਲਾਪੱਤਾ, ਕੱਪੜੇ, ਅਤੇ ਗਾਈਆਂ ਮਹੀਆਂ, ਪੁੰਨ ਸਮਝਕੇ ਦਹੇਜ ਵਿਚ ਦਿੰਦੇ ਹਨ; ਅਤੇ ਦੂਜਿਆਂ ਜੁਆਈਆਂ ਭਾਈਆਂ ਨੂੰ ਵੀ ਭਨਾਉਲੀਆਂ ਭਨਾਉਂਦੇ, ਅਰ ਧਿਆਲੀਆਂ ਨੂੰ ਤੇਉਰ ਬੇਉਰ ਦਿੰਦੇ ਹਨ। ਅਤੇ ਲਾੜੇ ਦਾ ਪਿਤਾ, ਯਾ ਚਾਚਾ ਭਾਇਆ, ਜਿਹੜਾ ਘਰ ਵਿਚ ਮੁਖਤਿਆਰ ਹੋਵੇ, ਅਤੇ ਧਨਮਾਨ ਹੋਵੇ, ਸੋ ਉਥੇ ਹੀ ਫਕੀਰਾਂ ਅਰ ਕੰਗਾਲਾਂ ਅਰ ਭੂਮਾਂ ਅਤੇ ਹੋਰਨਾਂ ਮੰਗਤਿਆਂ ਨੂੰ ਆਪਣੀ ਸਰਧਾ ਅਨੁਸਾਰ ਬਾੜਾ ਦਿੰਦਾ ਹੈ। ਅਤੇ ਬਾੜੇ ਦੇਣ ਦਾ ਇਹ ਰਾਹ ਹੈ, ਜੋ ਬਹੁਤਸਾਰੀ ਲੁਕਾਈ ਨੂੰ ਕੱਠਾ ਕਰਕੇ ਗੋਲ ਕਿਲੇ ਵਰਗਾ ਘੇਰ ਬਗਲਕੇ, ਕਈ ਆਦਮੀ ਖੰਡਲ ਲਈ ਖੜੇ ਹੋ ਜਾਂਦੇ ਹਨ, ਅਤੇ ਇਕ ਇਕ ਨੂੰ ਪੈਸਾ ਟਕਾ, ਯਾ ਪਾਉਲਾ ਧੇਲੀ, ਯਾ ਰੁਪਈਆ ਰੁਪਈਆ ਦੇਕੇ, ਬਾੜਿਓਂ ਬਾਹਰ ਕਢਦੇ ਜਾਂਦੇ ਹਨ, ਭਾਂ ਮੰਗਤੇ ਮੁੜ ਮੁੜਕੇ ਨਾ ਲੈਣ। ਅਤੇ ਖੱਟ ਦਾ ਇਹ ਦਸਤੂਰ ਹੈ, ਜੋ ਧਿਅੜੇ ਮੰਜਾ ਡਾਹਕੇ ਤਿਸ ਪੁਰ ਇੱਕੀ ਤੇਉਂਰ ਬੇਉਰ ਧਰੰਦੇ, ਅਤੇ ਉਨਾਂ ਉਤੇ ਗਹਿਲਾਂ, ਅਤੇ ਥਾਲੀ ਕਟੋਰਾ, ਕੜਾਹੀ, ਤਵਾ, ਅਰ ਦੇਗਚਾ, ਖੱਟ ਦੇ ਪਾਹ ਰੱਖ ਦਿੰਦੇ ਹਨ; ਅਤੇ ਸਰਧਾਵਾਲੇ ਗਾਈਆਂ ਮਹੀਆਂ ਧੀ ਨੂੰ, ਅਤੇ ਘੋੜੀ ਜੁਆਈ ਨੂੰ ਦਿੰਦੇ ਹਨ। ਅਤੇ ਨੇਉਂਦਾ ਲੈਕੇ, ਕੁੜੀ ਨੂੰ ਡੋਲੀ ਵਿਚ ਪਾਕੇ, ਜੁਆਈ ਦੇ ਸੰਗ ਤੋਰ ਦਿੰਦੇ ਹਨ। ਅਤੇ ਫੇਰ ਉਹ ਸਾਹੁਰਿਆਂ ਦੇ ਘਰੋਂ, ਆਪੋ ਆਪਣੀ ਜਾਤ ਦੀ ਰੀਤ ਅਨੁਸਾਰ, ਦੂਏ ਚੌਥੇ ਦਿਨ ਮੁੜਕੇ, ਫੇਰ ਮਾਪਿਆਂ ਦੇ ਆਉਂਦੀ ਹੈ। ਅਤੇ ਪੁਤੱਤਾ ਆਪਣੇ ਭਾਣੀਚਾਰੇ ਨੂੰ ਖਾਲਾ ਖੁਲਾਕੇ,

ਨੇਉਂਦਾ ਉਗਰਾਹ ਲੈਂਦਾ ਹੈ, ਅਤੇ ਨਾਈਆਂ ਡੂਮਾਂ, ਅਤੇ ਹੋਰ-ਨਾਂ ਲਾਗੀਆਂ ਨੂੰ, ਤਿਨਾਂ ਦੇ ਲਾਗ ਦੇਕੇ, ਸਭ ਭਾਈਂ ਬਿਦਾ ਕਰਦਾ ਹੈ। ਇਕ ਗੱਲ ਹੋਰ ਜਾਲੋ, ਕਿ ਜਾਂ ਨਵੀਂ ਵਿਆਹੀ ਹੋਈ ਬਹੂ ਸਾਹੁਰਿਆਂ ਦੇ ਜਾਂਦੀ ਹੈ, ਤਾਂ ਸੱਭ ਸੁਹਾਗਲਾਂ ਕੱਠੀਆਂ ਹੋਕੇ, ਉਸ ਨੂੰ ਆਪਲੇ ਸੰਗ ਗੋਤਕੁਨਾਲੇ ਰਲਾਉਂਦੀਆਂ ਹਨ, ਅਰਥਾਤ ਇਹ ਸਮਝਕੇ ਆਪਲੇ ਨਾਲ ਖਾਲਾ ਖੁਆਲ-ਦੀਆਂ ਹਨ, ਜੋ ਉਹ ਤਿਨਾਂ ਸੰਗ ਖਾਕੇ, ਗੋਤ ਵਿਚ ਮਿਲ ਜਾਵੇ। ਅਤੇ ਲਾੜੇ ਦੀਆਂ ਭੈਲਾਂ, ਚਾਚੀਆਂ, ਭਾਣੀਆਂ, ਅਤੇ ਮਾਉਂ, ਇਕ ਪਰਕਾਰ ਦਾ ਪਕਵਾਨ, ਜੋ ਗੁਲੇ ਅਖਾਉਂਦੇ ਹਨ, ਪਕਾਕੇ, ਅਤੇ ਗੁੱਲਰੇ ਵਿਚ ਰਲਾਕੇ, ਨਵੀਂ ਬਹੁਟੀ ਨਾਲ ਗੁਲੇ ਖੇਲਦੀ-ਆਂ ਹਨ, ਅਤੇ ਇਸ ਤਰਾਂ ਕਹਿਕੇ ਗਾਉਂਦੀਆਂ ਹਨ, "ਗੁਲੇ ਖੇਲ ਬਹੂ ਆਪਲੀ ਸੱਸੂ ਦੇ ਨਾਲ," "ਗੁਲੇ ਖੇਲ ਬਹੂ ਆਪਲੀ ਨਲਾਨੂ ਦੇ ਨਾਲ।" ਇੰਸੀ ਤਰਾਂ ਹੋਰ ਜਿਸ ਕਿਸੇ ਨਾਲ ਖੇਡੇ, ਉਸੀ ਦਾ ਨਾਉਂ ਲੈ ਲੈਕੇ ਗਾਉਂਦੀਆਂ, ਅਤੇ ਉਸ ਪਕਵਾਨ ਅਰ ਗੁੱਲਰੇ ਨੂੰ ਹੱਥਾਂ ਵਿਚ ਫੇਰ ਘੇਰ ਕਢਦੀਆਂ ਹਨ। ਅਤੇ ਇਹ ਗੁਲੇ ਖੇਡਲ ਦੀ ਰੀਤ ਕਿਸੇ ਕਿਸੇ ਜਾਤ ਵਿਚ ਹੈ, ਸਭਨਾਂ ਜਾਤਾਂ ਦੇ ਨਹੀਂ। ਵਿਆਹ ਵਿਚ ਗੋਸਤ ਦੀ ਰੋਟੀ ਨਹੀਂ ਦਿੰਦੇ; ਨਿਰੀ ਸੱਕਰ ਚਾਉਲ ਤੇ ਘੇਉ, ਜਾ ਖੰਡ ਚਾਉਲ ਤੇ ਘੇਉ ਦੀ ਰੋਟੀ ਦਿੰਦੇ ਹਨ। ਅਪਰ ਅਵਾਲਾਂ, ਗੁੱਜਰਾਂ, ਡੋਗਰਾਂ, ਰਾ-ਈਆਂ, ਅਤੇ ਹੋਰ ਮਿੱਕੀਆਂ ਗੁਆਰ ਜਾਤਾਂ ਦੇ ਕਾਂਜੀ ਅਰ ਪਕੌੜਿਆਂ ਦੀ ਰੋਟੀ ਹੁੰਦੀ ਹੈ, ਅਤੇ ਚਾਉਲਾਂ ਵਿਚ ਲੱਸੀ ਅਰ ਸ਼ੱਕਰ ਪਾਕੇ, ਘੇਉ ਬਿਨਾ ਹੀ ਖੁਆਲਦੇ ਹਨ।

ਹੁਲ ਨਕਾਹ ਅਰ ਫੇਰਿਆਂ ਦੀ ਥਾਬਤ ਲਿਖਨਾ ਹਾਂ,—ਕਿ ਮੁਸਲ-ਮਾਨਾਂ ਦੇ, ਨਕਾਹ ਦੇ ਵੇਲੇ, ਕੁੜੀਦੇ ਮਾਪੇ, ਜਾ ਚਾਚਾ ਭਾਇਆ,

ਮੁੱਲਾਂ ਕਾਜੀ ਨੂੰ ਸਦਦਾ ਹੈ ; ਅਤੇ ਮੁੱਲਾਂ ਦੂਜੇ ਆਦਮੀਆਂ ਨੂੰ ਵਕੀਲ ਖੜਾ ਕਰਕੇ, ਅੰਦਰ ਘਲਦਾ ਹੈ, ਜੋ ਕੁੜੀ ਨੂੰ ਆਖਲ, ਕੁੜੀਏ ਤੈਂ ਸਿਆਲੀ ਹੈਂ, ਆਪਣਾ ਆਪ, ਫਲਾਲੇ ਨੂੰ, ਜੋ ਫਲਾਲੇ ਦਾ ਪੁੱਤ ਹੈ, ਇਤਨੇ ਮਹਿਰ ਪੁਰ ਬਖਸ ਦਿਹ। ਤਾਂ ਉਹ ਕੁੜੀ ਆਪਣਾ ਆਪ ਬਖਸ ਦਿੰਦੀ ਹੈ ; ਪਰ ਜੇ ਜਾਲੀ ਹੋਵੇ, ਤਾਂ ਉਹ ਦੇ ਮਾਲਕ ਵਕੀਲਾਂ ਨੂੰ ਇਜਨ ਦੇ ਦਿੰਦੇ ਹਨ ; ਅਤੇ ਵਕੀਲ ਬਾਹਰ ਆਕੇ, ਮੁੱਲਾਂ ਨਾਲ ਸਲਾਮਾਲੈਕੀ ਲੈਂਦੇ, ਅਤੇ ਇਸੀ ਤਰਾਂ ਤਿੰਨ ਬਾਰ ਵਿਚ ਵਿਚ ਫਿਰਦੇ ਹਨ ; ਅਗੋਂ ਮੁੱਲਾਂ ਪੁਛਦਾ ਹੈ, ਕਿ ਅਜੀਜੋ, ਤੁਸੀਂ ਕਿਥੋਂ ਆਏ ਹੋ ? ਓਹ ਆਖਦੇ ਹਨ, ਕਿ ਅਸੀਂ ਸਹਿਰ ਵਕਾਲਤ ਥੀਂ ਆਏ ਹਾਂਗੇ। ਫੇਰ ਉਹ ਪੁਛਦਾ ਹੈ, ਕਿ ਤੁਸੀਂ ਕੀ ਸੁਨੇਹਾ ਲਿਆਏ ਹੋ ? ਓਹ ਕਹਿੰਦੇ ਹਨ, ਜੋ ਫਲਾਲੇ ਨੈ ਆਪਣੀ ਫਲਾਲੀ ਧੀ, ਜੋ ਉਹ ਦਾ ਇਹ ਨਾਉਂ ਹੈ, ਐਤਨੇ ਮਹਿਰ ਪੁਰ, ਖੁਦਾ ਦੇ ਵਾਸਤੇ, ਫਲਾਲੇ ਦੇ ਪੁੱਤ ਨੂੰ, ਜੋ ਉਸ ਦਾ ਇਹ ਨਾਉਂ ਹੈ, ਇਸ ਉਗਾਹ ਦੇ ਸਾਹਮਲੇ ਬਖਸੀ ਹੈ, ਅਤੇ ਨਕਾਹ ਪੜਨ ਦਾ ਇਜਨ ਦਿੱਤਾ ਹੈ। ਤਦ ਮੁੱਲਾਂ ਉਸ ਨੂੰ ਆਖਦਾ ਹੈ, ਜੋ ਜਾਕੇ ਕੁੜੀ ਨੂੰ, ਪੰਜੇ ਕਲਮੇ ਅਰ ਸਿਫਤ ਈਮਾਨ ਪੜਾ ਦਿਹ। ਤਾਂ ਉਹ ਪੜਾ ਦਿੰਦਾ ਹੈ। ਅਤੇ ਬਾਹਰ, ਮੁੱਲਾਂ ਮੁੰਡੇ ਨੂੰ ਪੰਜੇ ਕਲਮੇ ਅਰ ਸਿਫਤ ਈਮਾਨ ਪੜਾਕੇ ਆਖਦਾ ਹੈ, ਏ ਨੌਸੇ, ਤੂੰ ਜੁਆਨ ਅਤੇ ਬੁਧਮਾਨ ਹੈਂ, ਅਤੇ ਕਿਸੇ ਦਾ ਗੋਲਾ ਗੁਲਾਮ ਨਹੀਂ ਹੈਂ ; ਤੈਂ ਫਲਾਲੇ ਦੀ ਬੇਟੀ, ਜੋ ਉਹ ਦਾ ਅਹ ਨਾਉਂ ਹੈ, ਐਤਨੇ ਮਹਿਰ ਪੁਰ ਇਨਾਂ ਉਗਾਹਾਂ ਦੇ ਰੂਬਰੋ ਕਬੂਲ ਕੀਤੀ ? ਅਗੋਂ ਉਹ ਆਖਦਾ ਹੈ, "ਆਰੇ, ਖੁਅਾਸਤਮਸ, ਵ ਕਬੂਲ ਕਰਦੇਮਸ ;" ਅਰਥਾਤ ਚਾਹਿਆ ਮੈਂ ਉਸ ਨੂੰ, ਅਤੇ ਕਬੂਲ ਕੀਤਾ ਮੈਂ

ਉਸ ਨੂੰ । ਮੁੱਲਾਂ ਨੇਸੇ ਕੋਲੋਂ ਤਿੰਨ ਬਾਰ ਇਹ ਗੱਲ ਕਬੁਲ-ਵਾਕੇ ਫੇਰ ਦੁਆ ਖੈਰ ਮੰਗਦਾ ਹੈ; ਅਤੇ ਓਹ ਕੱਚੇ ਚਾਉਲ, ਕਿ ਜਿਨਾਂ ਵਿਚ ਸੱਖਰ ਰਲਾਕੇ ਨਕਾਹ ਦੇ ਵੇਲੇ ਚੰਗੇਰ ਵਿੱਚ ਪਾ-ਕੇ, ਮੁੱਲਾਂ ਅੱਗੇ ਰਖ ਦਿੰਦੇ ਹੁੰਦੇ ਹਨ, ਸੋ ਨਕਾਹ ਦੇ ਪਿਛੋਂ ਥੁੜੇ ਥੁੜੇ ਸਰਬੱਤ ਮੁਸਲਮਾਨਾਂ ਵਿਚ, ਜੋ ਉਸ ਸਭਾ ਵਿਖੇ ਹਾਜਰ ਹੋਲ, ਵੰਡੇ ਜਾਂਦੇ ਹਨ; ਅਤੇ ਸਾਰੀ ਸਭਾ ਪੁੱਤਵਾਲੇ ਨੂੰ ਮੁਮਾਰਖੀ ਦਿੰਦੀ ਹੈ ॥

ਵਿਆਹ ਤੇ ਪਿਛੇ ਛੇਤੀ ਹੀ ਥੁੜੀ ਸਾਹੁਰਿਆਂ ਦਿਓਂ ਮੁੜਿ ਆਉਂਦੀ ਹੈ, ਅਤੇ ਬਰਸ ਦੇ ਬਰਸ ਪਿਛੇ ਮਾਪਿਆਂ ਦੀ ਮਰ-ਜੀ ਨਾਲ ਫੇਰ ਸਾਹੁਰੀਂ ਮੁਕਲਾਵੇ ਜਾਂਦੀ ਹੈ ॥

---

2. AN EXTRACT FROM "THE LIFE OF NANAK."

(*Note.* The figures, attached to certain Provincial terms, in the text below, refer to explanatory notes at the end of the Extract.)

ਸੰਮਤ ੧੫੭੦ ਮਿਤੀ ਮੰਘਰ ਸੁਦੀ ਤੀਜ ੩ । ਨਾਨਕ ਜੈ-ਰਾਮ ਪਾਸ ਗਇਆ ਸੁਲਤਾਨਪੁਰ । ਪੰਜਵੇਂ ਦਿਨ ਗਏ, ਸਤਮੀ ਨੂੰ ਜਾਇ ਪਹੁੰਚਿਆ । ਨਾਨਕੀ ਭੈਲ ਪੈਰਾਂ ਤੇ ਢਹਿ ਪਈ । ਨਾਨਕ ਆਖਿਆ, ਬੇਬੇ ਜੀ, ਤੂੰ ਵਡੀ ਹੈਂ; ਹਥੋਂ ਮੈਂ ਤੇਰੇ ਪੈਰਾਂ ਤੇ ਪਵਾਂ, ਕੇ ਤੂੰ ਮੇਰਿਆਂ ਪੈਰਾਂ ਤੇ ਪਵੇਂ? ਨਾਨਕੀ ਆਖਿਆ, ਭਾਈ ਜੀ, ਸੱਚ ਆਖਦਾ ਨੈਂ; ਪਰ (1) ਜੇ ਆਦਮੀ ਹੋਵੇਂ; ਕਿੰ-ਉ, ਤੂੰ ਤਾ ਪਰਮੇਸੁਰ ਦਿੱਸ ਆਵੰਦਾ ਹੈਂ ਮੈ ਨੂੰ । ਜੈਰਾਮ ਘਰ ਨਾਹਾ; (2) ਜੈਰਾਮ ਘਰ ਆਇਆ । ਦੇਖੇ, ਤਾਂ ਨਾਨਕ ਅਗੇ

ਬੈਠਾ ਹੈ। ਨਾਨਕ ਡਿੱਠਾ, ਜੈਰਾਮ ਜੀਜਾ ਆਇਆ ਹੈ। ਨਾਨਕ ਉਠਦਾ ਹੀ ਉਸ ਦੇ ਪੈਰਾਂ ਨੂੰ ਦੌੜਿਆ। ਜੈਰਾਮ ਸਿਆਲਾ ਸੀ, ਜੈਰਾਮ ਨਾਨਕ ਦੇ ਹੱਥ ਪਕੜ ਲੀਤੇ; ਪੈਰਾਂ ਤੇ ਲਾਵਣ ਨਾ ਦਿਤੇ; ਆਪ ਨਾਨਕ ਦੇ ਪੈਰਾਂ ਤੇ ਹੱਥ ਰੱਖਿਓਸੁ। (3) ਨਾਨਕ ਕਹਿਆ, ਇਹ ਅਪੁੱਠੀ ਰੀਤ ਕਿੰਉ ਕੀਤੀਆ? (4) ਜੈਰਾਮ ਕਹਿਆ, ਏ ਨਾਨਕ ਜੀ, ਤੂੰ ਜਾਣਦਾ ਹੈਂ ਇਹ, ਅਤੇ ਅਸੀਂ ਸਾਲਾ ਜੀਜਾ ਆਹੇ; ਮੈਂ ਤੈ ਨੂੰ ਪਰਮੇਸੁਰ ਕਰ ਜਾਣਦਾ ਹਾਂ; ਮੇਰੇ ਭਾਗ ਹੋਏ, ਤੂੰ ਇਥੇ ਆਇਆ ਹੈਂ; ਤੂੰ ਕਰ ਕਿਛ ਨਾਹੀਂ, ਬੈਠਾ ਸਹਿਜ ਨਾਲ ਗੁਜਰਾਨ ਕਰ। ਨਾਨਕ ਕਹਿਆ, ਜੀਜਾ ਜੀ, ਕੁਛ ਕਿਰਤ ਹੋਵੇ, ਤਾਂ ਭਲੀ ਗੱਲ ਹੈ। ਜੈਰਾਮ ਕਹਿਆ, ਭਲਾ ਭਾਈ ਜੀ, ਤੁਸਾਡੇ ਜੀ ਇਹ ਉੱਠੀ ਹੈ, ਤਾਂ ਏਹਾ ਸਹੀ; ਕੁਛ ਤੋਰਕੀ ਪੜ੍ਹਿਆ ਹੈਂ? ਨਾਨਕ ਕਹਿਆ, ਜੀ, ਮੈਂ ਹਿੰਦੂਗੀ ਪੜ੍ਹਿਆ ਹਾਂ। ਜੈਰਾਮ ਕਹਿਆ, ਮੋਦੀਖਾਨਾ ਭਾਈ ਨਾਨਕ ਲੈਲਾ ਹੈ? ਨਾਨਕ ਕਹਿਆ, ਜੀ, ਕਿਸ ਦਾ ਹੈ? ਜੈਰਾਮ ਕਹਿਆ; ਨਬਾਬ ਦੌਲਤਖਾਂ ਲੋਦੀ ਦਾ ਵਡਾ ਮੋਦੀਖਾਨਾ ਹੈ; ਜੇ ਹੋਇ ਆਵੀ, (5) ਤਾਂ ਲੈ। ਨਾਨਕ ਕਹਿਆ, ਭਲਾ ਜੀਜਾ ਜੀ, ਕਰਤਾਰ ਨਿਰੰਕਾਰ ਨਿਬਾਹੇਗਾ। ਜੈਰਾਮ ਕਹਿਆ, ਭਲਾ ਭਾਈ ਨਾਨਕ ਜੀ। ਫੇਰ ਨਾਨਕੀ ਭੈਣ ਬੋਲੀ, ਭਾਈ ਜੀ, ਤੂੰ ਪਰਮੇਸੁਰ ਦਾ ਸਰੂਪ ਹੈਂ, ਜੋਹਾ ਟੁੱਕ ਹੈ, ਬੈਠਾ ਖਾਹ; ਤੂੰ ਇਨਾਂ ਜੰਜਾਲਾਂ ਵਿਚ ਨਾ ਪਉ; ਤੂੰ ਇਨਾਂ ਜੰਜਾਲਾਂ ਦੇ ਲਾਇਕ ਨਹੀਂ; ਤੂੰ ਫਕੀਰ ਦੇਸ ਹੈਂ। ਨਾਨਕ ਕਹਿਆ, ਬੇਬੇ ਜੀ, ਕਿਰਤ ਕਰ ਖਾਈਦਾ ਹੈ, ਤਾਂ ਪਵਿੱਤ੍ਰ ਹੋਈਦਾ ਹੈ, ਅਤੇ ਤੁਰਕ ਕਹਿੰਦੇ ਹਨ, ਹਲਾਲ ਹੁੰਦਾ ਹੈ। ਨਾਨਕੀ ਭੈਣ ਆਖਿਆ, ਭਲਾ ਭਾਈ ਜੀ, ਜਿੰਉ ਤੂੰ ਰਾਜੀ ਹੋਵੇਂ, ਤਿਵੇਂ ਸਹੀ। ਫੇਰ ਨਾਨ-

ਕੀ ਜੈਰਾਮ ਨੂੰ ਆਖਿਆ, ਇਸ ਦੇ ਹਾਲ ਦਾ ਮਹਿਰਮ ਹੈਂ ? ਜੈਰਾਮ ਕਹਿਆ, ਆਹੋ, ਬੰਦੀ ਪਰਮੇਸ਼ੁਰ ਦੀ, ਮੈਂ ਮਹਿਰਮ ਹਾਂ। ਨਾਨਕੀ ਕਹਿਆ, ਇਸ ਦੀ ਕਿਥਾਂਉਂ ਕਥ ਕੰਹਾਲੀ ਦੀ ਕਰੀਏ, ਤਾਂ ਇਸ ਨੂੰ ਗ੍ਰਿਸਤ ਦੇ ਨਾਲ ਮੋਹ ਲੱਗੇ, ਤਾਂ ਇਸ ਦੇ ਪਾਸੋਂ ਕਿਰਤ ਹੋਵੇ। ਜੈਰਾਮ ਕਹਿਆ, ਦੇਖ, ਜਾਂ ਇਹ ਕਿਰਤ ਲੱਗੇਗਾ, ਤਾਂ ਕੋਈ ਖੱਤਰੀ ਕਹਾਲੀ ਬੀ ਕਰਸੀ; ਤੂੰ ਉਤਾਉਲੀ ਨਾ ਹੋ; ਪਰਮੇਸ਼ੁਰ ਨੂੰ ਚਿੱਤ ਕਰ। ਨਾਨਕੀ ਕਹਿਆ, ਭਲਾ ਜੀ, ਤੁਧ ਕੋਲੋਂ ਮੈਂ ਸਿਆਲੀ ਨਹੀਂ; ਪਰ ਤੈ ਨੂੰ ਆਖ ਛੱਡਲਾ ਜੋਗ ਸਾ। ਵੈਸਾਖ ਸੁਦੀ ਚੌਦਸ ਮੋਦੀਖਾਨਾ ਦਿਵਾਇਆ; ਇੱਕ ਹਜਾਰ ਰੁਪਈਆ ਰੋਕ ਦਿਵਾਇਆ। ਬਾਲਾ ਸੰਧੂ ਨਾਲੇ ਆਹਾ। ਭਾਈ ਬਾਲੇ ਆਖਿਆ, ਨਾਨਕ ਜੀ, ਤੁਸਾਂ ਤਾ ਹਜਾਰ ਰੁਪਈਆ ਰੋਕ ਲੀਤਾ ਹੈ; ਤੂੰ ਅਸਾਂ ਨੂੰ ਵਿਦਾ ਦਿਹ। ਨਾਨਕ ਕਹਿਆ, ਭਾਈ ਬਾਲਾ (6) ਕੱਚੀ ਪਰੀਤ ਕੀਤੀਆ ? (4) ਜੀਵੰਦਿਆਂ ਹੀ ਛੱਡ ਚਲਿਓ ? (7) ਤਾਂ ਬਾਲੇ ਸੰਧੂ ਕਹਿਆ, ਜੀ, ਤੂੰ ਖੱਤਰੀ ਦਾ ਪੁੱਤ ਸੇਂ; (8) ਤੂੰ ਤਾ ਆਪਲੀ ਕਿਰਤ ਕੀਤੀ, ਅਤੇ ਮੈਂ ਭੀ ਆਪਲੀ ਕਿਰਤ ਕਰਾਂ ਨਾ ? ਨਾਨਕ ਕਹਿਆ, ਭਾਈ ਬਾਲਾ, ਕੋਈਕੁ ਦਿਨ ਇਥੇ ਕੱਟਲ ਦਿਹ; ਅਸਾਂ ਕੀ ਕਰਨਾ ਹੈ, ਇਹ ਕਸਬ ? ਜੋ ਅਸਾਡੀ ਕਿਰਤ ਹੈਗੀ, ਅਸਾਂ ਸੋਈ ਕਰਲੀ ਹੈ; ਤੂੰ ਤਾ ਨਿਰੰਕਾਰ ਦਾ ਤਮਾਸਾ ਦੇਖੁ। ਦੇਖ, ਨਿਰੰਕਾਰ ਕਿਆ ਕਿਆ ਚਲਿੱਤ੍ਰ ਕਰਦਾ ਹੈ। ਰਹੁ, ਅਸਾਂ ਹੀ ਨਾਲ ਗੁਜਰਾਨ ਕਰੁ। ਤਾਂ ਬਾਲੇ ਕਹਿਆ, ਭਲਾ ਨਾਨਕ ਜੀ, ਜੋ ਤੂੰ ਆਖੇਂਗਾ, ਸੋਈ ਕਰਾਂਗੇ। ਬਾਲਾ ਸੰਧੂ ਬੀ ਕਿਰਤ ਨਾਲ ਲੱਗਾ ਕਰਲ। ਕਿਰਤ ਕਰਦਿਆਂ ਜਾਂ ਦੁਇ ਵਰਹੇ ਗੁਜਰੇ, ਤਾਂ ਪਿਛੋਂ ਕਾਲੂ ਖਬਰ ਲੈਲ ਆਇਆ ਨਾ-

ਨਕ ਦੇ ਪਾਸ। ਨਾਨਕ ਉਠਦਿਆਂ ਹੀ ਦੌੜਕਰ ਕਾਲੂ ਦੇ ਪੈਰਾਂ ਉੱਤੇ ਢਹਿ ਪਇਆ। ਕਾਲੂ ਮੱਥਾ ਚੁੰਮਿਆ, ਅਤੇ ਗਲ ਵਿੱਚ ਲੀਤੋਸ, (9) ਦਿਲਾਸਾ ਦਿਤੋਸ, (10) ਲੱਗਾ ਪੁਛਣ, ਪੁੱਤ ਦੂਇ ਫਰਹੇ ਤੈ ਨੂੰ ਘਾਲਦਿਆਂ ਹੋਏ ਨੀ, ਕੀ ਖੱਟਿਆ? ਕੀ ਖਾਧਾ? ਨਾਨਕ ਕਹਿਆ, ਪਿਉ ਜੀ, ਬਹੁਤ ਖੱਟਿਆ, ਬਹੁਤ ਖਾਧਾ; ਪਰ ਪਿਉ ਜੀ, ਅਸਾ ਤੇ ਦਮੜੀ ਜੁੜਦੀ ਨਾਹੀਂ। ਕਾਲੂ ਬਾਲੇ ਸੰਧੁ ਨਾਲ ਲੜਨ ਲੱਗਾ, ਅਤੇ ਦੁਰਬਚਨ ਬੋਲਣ ਲੱਗਾ। ਨਾਨਕ ਬਾਲੇ ਨੂੰ ਸਾਰਤ ਕੀਤੀ; ਬਾਲਾ ਬੋਲਿਆ ਨਾਹੀਂ। ਕਾਲੂ ਲੱਗਾ ਆਖਣ, ਮੈਂ ਜਾਤਾ ਸੀ, ਹੁਣ ਕਿਰਤੇ ਨਾਨਕ ਲੱਗਾ ਹੈ, ਜੋ ਕੁਛ ਮੇਰਾ ਗਵਾਇਆ ਆਹਾ, (11) ਸੋ ਖੱਟਿਆ ਹੈਸੁ; (12) ਹੁਣ ਮੈ ਨੂੰ ਦੇਸੀ। (13) ਏਹੋ ਜੇਹੀਆਂ ਗੱਲਾਂ ਕਰੇ, ਜੇਹੀਆਂ ਕਾਲੂ ਦੀਆਂ ਆਹੀਆਂ॥ (14)

ਰਾਤ ਨੂੰ ਨਾਨਕੀ ਅਤੇ ਜੈਰਾਮ ਨੂੰ ਆਖਣ ਲੱਗਾ, ਜੋ ਤੁਸਾਂ ਕਿਆ ਕੀਤਾ? ਕੁਝ ਇਸ ਦੀ ਖਬਰਸਾਰ ਲੈਂਦੇ ਰਹੋ; ਨਾ ਤੁਸਾਂ ਕਥ ਕਹਾਲੀ ਦੀ ਲੀਤੀ; ਤੁਸਾਂ ਕੁਹੁੰ ਨਾ ਕੀਤੀ। ਨਾਨਕੀ ਬੋਲੀ, ਪਿਉ ਜੀ, ਇਥੇ ਜੋ ਆਇਆ ਹੈ, ਸੋ ਕੁਝ ਤੇਰਾ ਗਵਾਇਆ ਨਾਹਿਸੁ, (15) ਅਸਾਡਾ ਗਵਾਇਆ ਨਾਹਿਸੁ; (15) ਹੋਰ ਕਥ ਕਹਾਲੀ ਦੀ ਸਾ ਨੂੰ ਟੋਲ ਹੈ; ਅੱਜ ਕੱਲ ਕਿਤੇ ਵਲ ਹੋਇ ਪਉਂਦੀ ਹੈ; ਅਤੇ ਜੇ ਤੇਰੇ ਪਾਸੋਂ ਹੁੰਦੀ ਹੈ ਕਿਤੇ ਵਲ, ਤਾਂ ਜੇਹਾ ਸਾ ਨੂੰ ਦਰਦ ਹੈ, ਅਸਾ ਥੋਂ ਤੈ ਨੂੰ ਵਧੇਰੇ ਦਰਦ ਹੈ। ਕਾਲੂ ਕਹਿਆ, ਪੁੱਤ ਧੀਆ, ਜੇ ਮੇਰੇ ਪਾਸੋਂ ਹੋਇ ਆਵੇ, ਤਾਂ ਮੈਂ ਤੁਸਾ ਨੂੰ ਕਿੰਉ ਆਖਾਂ; ਅਤੇ ਜੇਹੀ ਕੇਹੀ ਕਰਣੀ ਨਾਹੀਂ। ਫੇਰ ਜੈਰਾਮ ਬੋਲਿਆ, ਮਹਿਤਾ ਜੀ, ਅਸਾਂ ਮਿੰਨਤ ਨਾਹੀਂ ਲਾਵਣੀ। ਮੁਲਾ ਚੋਲਾ ਖੱਤਰੀ ਹੈ ਪੱਚੇਕੇ ਰਖਾਵੇ;

ਉਸ ਦੇ ਘਰ ਧੀ ਹੈਗੀ; ਉਹ ਬੀ ਖਰਾ ਖੱਤਰੀ ਅਖਾਉਂਦਾ ਹੈ; ਅਜਿੱਤੇ ਰਧਾਵੇ ਦਾ ਪਟਵਾਰੀ ਹੈਗਾ; ਪੁੰਨ ਕਹਾਲੀ ਕਰਦਾ ਹੈ; ਅਸਾਂ ਉਥੇ ਕੰਹਾਲੀ ਟੋਲ੍ਹੀ ਹੈਗੀ; ਅਗੇ ਕਰਤੇ ਭੁਾਵੈਂਗੀ, (16) ਸਾਂਈਂ ਹੋਵੈਗੀ। (17) ਮਹਿਤਾ ਜੀ, ਤੁਸੀਂ ਤਾ ਚਿੱਤ ਠਉਰ ਰੱਖੋ; ਰਾਮ ਭਲਾ ਕਰਸੀ। (18) ਫੇਰ ਕਾਲੂ ਕਹਿਆ, ਪੁੱਤ ਜੈਰਾਮ, ਸਰਮਾਂ ਇਕੋ ਜੇਹੀਆਂ, ਪੁੱਤਾਂ ਤੇ ਜਵਾਈਆਂ। ਮੈਂ ਆਪਲੇ ਜੀ ਵਿਚ ਆਖਦਾ ਸਾ, ਜੋ ਨਾਨਕੀ ਦਾ ਸੁਖ ਡਿੱਠਾ, ਜੀਉ ਠੰਢਾ ਹੋਇਆ, ਪਰ ਨਾਨਕ ਦੀ ਸੁਖ ਮੁਰਾਦ ਜੀਵੰਦੇ ਜੀ ਦੇਖਾਂ, ਤਾਂ ਮੇਰਾ ਮਨ ਠੰਢਾ ਹੋਵੇ। ਫੇਰ ਜੈਰਾਮ ਕਹਿਆ, ਮਹਿਤਾ ਜੀ, ਤੁਸੀਂ ਏਥੇ ਹੀ ਰਹੋ, ਅਤੇ ਅੰਮਾਂ ਬੀਬੀ ਨੂੰ ਸਦਾਇ ਲੈਂਦੇ ਹਾਂ। ਫੇਰ ਕਾਲੂ ਕਹਿਆ, ਪੁੱਤ੍ਰ, ਮੇਰਾ ਰਹਿਲਾ ਏਥੇ ਭਾਰੀ ਹੈ, ਅਤੇ ਮੈਂ ਉਥੇ ਰੁੱਧਾ ਹੋਇਆ ਹਾਂ। ਫੇਰ ਜੈਰਾਮ ਕਹਿਆ, ਮਹਿਤਾ ਜੀ, ਤੂੰ ਮੇਰੇ ਪਰਮਾਨੰਦ ਦੀ ਬਰਾਬਰ ਹੈਂ, ਤੂੰ ਮੇਰਾ ਪਿਤਾ ਹੈਂ। ਫੇਂਰ ਕਾਲੂ ਕਹਿਆ, ਦੇਖ ਜੈਰਾਮ ਪੁੱਤ, ਜਿਤ ਵਖਤ ਨਾਨਕ ਦੀ ਕਹਾਲੀ ਹੋਵੈ, (19) ਮੈਂ ਨੂੰ ਤੁਰਤ ਹੀ ਖਬਰ ਕਰਲੀ; ਅਤੇ ਪੁੱਤ ਨਾਨਕ ਨੂੰ ਨਜਰ ਵਿਚ ਰੱਖਲਾ; ਕੋਈ ਟਕਾ ਰੁਪਈਆ ਕਿਤੇ ਵਲ ਗੁਆਵੇ ਨਾਹੀਂ। ਫੇਰ ਨਾਨਕੀ ਕਹਿਆ, ਪਿਉ ਜੀ, ਤੂੰ ਸੁਕਰ ਨਾਹੀਂ ਕਰਦਾ, ਜੋ ਰਾਜੀ ਰਹਿੰਦਾ ਹੈਂ; ਤੂੰ ਦਿਹਾੜੇ ਕੂਕਦਾ ਆਹਾ, "ਅੱਜ ਇਹ ਗਵਾਇ ਆਇਆ, ਅੱਜ ਇਹ ਗਵਾਇ ਆਇਆ;" ਚੁਲ ਤਾ ਖੱਟ ਗਵਾਂਇਦਾ (20) ਹੈ; ਜਾਂ ਇਹ ਫਕੀਰਾਂ ਨੂੰ ਖਵਾਂਇਦਾ (21) ਹੈ, ਤਾਂ ਅਸਾਡਾ ਜੀਉ ਕੰਬਦਾ ਹੈ; ਜੋ ਸਰਕਾਰ ਦੇ ਪੈਸੇ ਘਟਲ ਨਾਹੀਂ, ਤਾਂ ਭਲਾ ਹੋਵੇ, ਅਤੇ ਸੁਰਖਰੂ ਅਸੀਂ ਹੋਵੀਏ; ਪਰ ਪਿਉ ਜੀ, ਜਦ ਲੇਖਾ ਦਿੰਦਾ ਹੈ, ਤਾਂ ਇਸ ਦਾ ਵਾਧਾ ਨਿੱਕਲ੍ਹਦਾ ਹੈ। ਜੈਰਾਮ ਕਹਿਆ, ਮਹਿ-

ਤਾ ਜੀ, ਇਸੇ ਵਾਸਤੇ ਅਸੀਂ ਕੁਝ ਆਖ ਨਹੀਂ ਸਕਦੇ। ਤਾਂ ਫੇਰ ਕਾਲੂ ਕਹਿਆ, ਪੁੱਤ ਜੈਰਾਮ, ਜਾਂ ਉਹ ਲੇਖਾ ਦੇਵੇ, ਅਤੇ ਕੁਝ ਵਧੇ, ਤਾਂ ਤੁਸੀਂ ਆਪਣੀ ਵਲ ਛਿੱਕ ਲਓ; ਤਾਂ ਭਲਾ ਕਰੋ; ਉਸ ਦੇ ਭਾਲੇ ਲੱਖ ਕੱਖ ਬਰਾਬਰ ਹੈ; ਤੁਸੀਂ ਉਸ ਦੇ ਖਬਰਦਾਰ ਹੀ ਲੋੜੀਦੇ ਹੋ। ਬਾਲੇ ਨੂੰ ਸੱਦੋ; ਸੱਦਕਰ ਤੁਸੀਂ ਸਮਝਾਵੋ, ਅਤੇ ਮੈਂ ਭੀ ਬਹੁਤ ਆਖਦਾ ਹਾਂ। ਜੈਰਾਮ ਆਦਮੀ ਭੇਜਕਰ, ਬਾਲੇ ਨੂੰ ਸਦਾਇਆ। ਜੈਰਾਮ ਆਖਿਆ, ਭਾਈ ਬਾਲਾ, ਤੂੰ ਨਾਨਕ ਦਾ ਖਾਸਾ ਹਜੂਰੀ ਯਾਰ ਹੈਂ; ਅਸੀਂ ਤੈ ਨੂੰ ਐਉਂ ਜਾਲਦੇ ਆਹੇ; ਜਿਹਾ ਨਾਨਕ ਹੈ, ਤਿਹਾ ਤੂੰ ਹੈਂ; ਤੂੰ ਨਾਨਕ ਦਾ ਖ਼ਬਰਦਾਰ ਚੰਹੁ, ਟਕਾ ਪੈਸਾ ਐਰ ਗੈਰ ਵਲ ਗਵਾਵੇ ਨਾਹੀਂ। ਫੇਰ ਕਾਲੂ ਕਹਿਆ, ਪੁੱਤ ਬਾਲਾ, ਨਾਲ ਰਚੇ ਦੀ ਸਰਮ ਹੁੰਦੀ ਹੈ। ਜੈਰਾਮ ਦਾ ਕਹਿਆ ਬਾਲੇ ਨੂੰ ਬੁਰਾ ਨਾ ਲੱਗਾ, ਪਰ ਕਾਲੂ ਦਾ ਕਹਿਆ ਬਾਲੇ ਨੂੰ ਬੁਰਾ ਲੱਗਾ। ਬਾਲੇ ਕਹਿਆ, ਸੁਲ ਮਹਿਤਾ ਕਾਲੂ, ਮਤ ਤੇਰੇ ਜੀ ਕੋਈ ਗੁਮਾਨ ਹੋਵੀ, (22) ਜੋ ਬਾਲਾ ਨਾਨਕ ਜੀ ਦੇ ਨਾਲ ਰਹਿੰਦਾ ਹੈ; ਅਸਾ ਨੂੰ ਘਿਉ ਬੁਰੀ ਵਸਤੁ ਹੈ; ਜੋ ਕੋਈ ਹੋਰ ਲਾਲਚ ਸਮਝੇ, ਸੱਭੋ ਬੁਰੀ ਵਸਤੁ ਹੈ; ਅਸੀਂ ਜੋ ਨਾਨਕ ਨਾਲ ਰਹਿੰਦੇ ਆਹੇ, ਸੋ ਜੀ ਦੇ ਭਲੇ ਵਾਸਤੇ; ਅਸਾ ਨੂੰ ਨਾਨਕ ਪਰਮੇਸੁਰ ਨਜਰ ਆਵੰਦਾ ਹੈ, ਤੁਸਾ ਨੂੰ ਨਾਨਕ ਆਦਮੀ ਨਜਰ ਆਵੰਦਾ ਹੈ। ਮਹਿਤਾ ਕਾਲੂ, ਤੈ ਨੂੰ ਪੈਸਿਆਂ ਦੀ ਭੁੱਖ ਹੈ, ਤਾਂ ਉਸ ਦੇ ਪਾਸ ਰਹੁ; ਜੋ ਕੁਛ ਜੋੜ ਆਵੀ, (5) ਸੋ ਲੈਂਦਾ ਜਾਹ, ਇਕੱਠੇ ਕਰ; ਅਸਾ ਥੋਂ ਇਹ ਹੁੰਦੀ ਨਾਹੀਂ, ਜੋ ਅਸੀਂ ਉਸ ਨੂੰ ਕੁਝ ਆਖੀਏ; ਅਤੇ ਤੈ ਥੋਂ ਕੁਝ ਹੁੰਦਾ ਹੈ, ਤਾਂ ਕਰ। ਜੈਰਾਮ ਬੋਲਿਆ, ਮਹਿਤਾ ਜੀ, ਬਾਲਾ ਸੱਚੁ ਆਖਦਾ ਹੈ, ਨਾਨਕ ਆਦਮੀ ਨਾਹੀਂ, ਉਹ ਕੁਝ ਹੋਰ ਹੀ ਨਜਰ ਆਵੰ-

ਦਾ ਹੈ। ਭਲਾ ਮਹਿਤਾ ਜੀ, ਹੁਲ ਤਾ ਤੁਸੀਂ ਸਿਧਾਰੋ; ਜਿਤ ਘੜੀ ਕਹਾਲੀ ਹੋਈ, ਤਿਤੇ ਘੜੀ ਅਸਾਂ ਸਤਾਬੀ ਹੀ ਕਾਰਜ ਕਰਲਾ ਹੈ; ਫੇਰ ਕੈਬੀਲੇ ਨਾਲ ਮੋਹ ਪੈ ਜਾਵੇਗਾ॥

ਕਾਲੂ ਆਪਲੇ ਘਰ ਗਇਆ; ਜਾਂ ਇਕ ਮਹੀਨਾ ਗੁਜਰਿਆ; ਤਾਂ ਨਾਨਕ ਉਤੇ ਜੈਰਾਮ ਪਾਸ ਇਕ ਆਦਮੀ ਭਲੇ ਸਿਰਿਸਟ ਚੁਗਲੀ ਖਾਧੀ। ਸੁਲ ਜੈਰਾਮ, ਤੇਰਾ ਸਾਲਾ ਮੋਦੀ ਹੈ, ਅਤੇ ਸਰਕਾਰ ਦੇ ਪੈਸੇ ਖੋਂਦਾ ਹੈ। ਤੂੰ ਉਸ ਤਾਈਂ ਸਮ੍ਹਾਲਦਾ ਹੈਂ ਕੇ ਨਾਹੀਂ? ਜਾਲਦਾ ਹੈਂ ਨਾ, ਪਠਾਲਾਂ ਦੀ ਖੋਇ ਕੈਸੀ ਹੈ? ਜੈਰਾਮ ਗੁਸਾ ਖਾਧਾ; ਗੁਸਾ ਖਾਇਕਰ ਆਇਆ; ਆਇਕਰ ਨਾਨਕੀ ਨੂੰ ਇਕੰਤ ਲੈ ਬੈਠਾ; ਕਹਿਲ ਲੱਗਾ, ਸੁਲ ਪਰਮੇਸੁਰ ਦੀ ਬੰਦੀ, ਫਲਾਲੇ ਸਖਸ ਅੱਜ ਮੈ ਨੂੰ ਉਲਾਂਭਾ ਦਿੱਤਾ ਹੈ, ਪਰ ਮੇਰੀ ਪੀੜ ਕਰਕੇ ਆਖਿਓਸ, ਜੋ ਦੇਖ ਜੈਰਾਮ, ਤੇਰਾ ਸਾਲਾ ਮੋਦੀ ਹੈ, ਸਰਕਾਰ ਦੇ ਪੈਸੇ ਖੋਂਦਾ ਹੈ; ਤੂੰ ਉਸ ਤਾਈਂ ਸਮ੍ਹਾਲਦਾ ਨਹੀਂ? ਪਠਾਲਾਂ ਦੀ ਖੋਇ ਜਾਲਦਾ ਹੈਂ ਨਾ? ਬਹੁ ਜੀ, ਮੈਂ ਕਿਆ ਕਰਾਂ? ਜੋ ਕੁਛ ਕਹੋ ਸੋ ਮੈਂ ਕਰਾਂ। ਤਾਂ ਨਾਨਕੀ ਆਖਿਆ, ਜੋ ਤੁਸਾਡੇ ਜੀ ਵਿਚ ਆਵੰਦੀ ਹੈ, ਸੋ ਤੁਸੀਂ ਕਰੋ, ਮੈਂ ਕਿਆ ਆਖਲਾ ਹੈ। ਜੈਰਾਮ ਕਹਿਆ, ਜੋ ਤੁਸੀਂ ਮਸਲਤ ਦੇਹੋ, (23) ਸੋ ਮੈਂ ਕਰਾਂ। ਫੇਰ ਨਾਨਕੀ ਕਹਿਆ, ਜੀ, ਤੁਸਾ ਨੂੰ ਪਰਤੀਤ ਅਜੇ ਥੋੜੀ ਨਾਹੀਂ ਆਈ; ਤੁਸੀਂ ਜਾਲਦੇ ਹੋਵੋਗੇ, ਜੋ ਭਿਰਾਉ ਦੀ ਰਖਲੀ ਕਰਦੀ ਹੈ; ਅਤੇ ਜਿਥੇ ਥੋੜੀ ਸੰਸਾਰ ਦੀ ਮਾਇਆ ਹੈ, ਸੋ ਸਭੇ ਨਾਨਕ ਦੇ ਹੱਥ ਵਿਚੋਂ ਨਿੱਕਲ੍ਹਦੀ ਹੈ; ਪਰ ਜੀ, ਤੁਸੀਂ ਇਕ ਕੰਮ ਕਰੋ, ਹੁਲੇ ਲੇਖਾ ਲਹੋ; (24) ਜੇ ਤਾ ਲੇਖਾ ਪੂਰਾ ਹੋਵੇ, ਭਾਵੇਂ ਵਧੇ, ਭਾਵੇਂ ਨਾ ਵਧੇ, ਘਟੇ ਨਾਹੀਂ, ਤਾਂ ਫੇਰ ਕਿਸੇ ਦੇ ਕਹੇ ਕਹਾਏ ਭਰਮਲਾ ਨਾਹੀਂ। ਤਾਂ ਜੈਰਾਮ ਕਹਿਆ, ਬਹੁ ਜੀ, ਮੈਂ ਨਹੀਂ ਸਮ੍ਹਾਲ-

ਦਾ, ਜੇ ਤੁਸਾ ਨੂੰ ਪਰਤੀਤ ਹੈ, ਤਾਂ ਮੈਂ ਕਿਆ ਕਹਿਲਾ ਹੈ? ਤਾਂ ਨਾਨਕੀ ਕਹਿਆ, ਜੀ, ਹੁਲ ਤੁਸੀਂ ਗਈ ਨਾ ਕਰੋ, ਮੈਂ ਨਾਨਕ ਜੀ ਨੂੰ ਸਦਾਵੰਦੀ ਹਾਂ। ਜੈਰਾਮ ਕਹਿਆ, ਭਲਾ ਬਹੁ ਜੀ। ਭੁਲਸਾਂ ਲਉਂਡੀ ਭੇਜਕੇ ਨਾਨਕੀ ਨਾਨਕ ਨੂੰ ਸਦਾਇਆ। ਕੰਹਿਆ, ਭਾਈ ਜੀ, ਤੁਸੀਂ ਮਿਹਰਵਾਨਗੀ ਕਰਕੇ ਮੇਰੇ ਪਾਸ ਆਵੋ। ਭੁਲਸਾਂ ਲਉਂਡੀ ਜਾਇ ਸਲਾਮ ਕੀਤਾ। ਕਿੰਉ ਭੁਲਸਾਂ, ਅੱਜ ਜੋ ਤੂੰ ਆਈ ਹੈਂ, ਸੱਚੁ ਆਖ, ਕਿੰਉਕਰ ਆਈ ਹੈਂ? ਭੁਲਸਾਂ ਕਹਿਆ, ਠਾਕੁਰ ਜੀ, ਬਹੁ ਜੀ ਕਹਿਆ, ਮੇਰੇ ਭਾਈ ਜੀ ਨੂੰ ਸੱਦ ਲਿਆਉ; ਇਸ ਵਾਸਤੇ ਆਈ ਹਾਂ। ਨਾਨਕ ਕਹਿਆ, ਚੱਲ ਭੁਲਸਾਂ, ਮੈਂ ਆਵੰਦਾ ਹਾਂ। ਭੁਲਸਾਂ ਘਰ ਗਈ; ਜਾਇਕਰ ਕਹਿਓਸ, ਬਹੁ ਜੀ, ਕਹਿੰਦਾ ਹੈ, ਮੈਂ ਆਵੰਦਾ ਹਾਂ। ਪਿਛੇ ਨਾਨਕ ਬਾਲੇ ਨੂੰ ਪੁਛਿਆ, ਭਾਈ ਬਾਲਾ, ਮੈ ਨੂੰ ਬੇਬੇ ਜੀ ਕਿੰਉ ਸੱਦਿਆ ਹੈ? ਬਾਲੇ ਕਹਿਆ, ਜੀ, ਕਿਸੇ ਵਾਸਤੇ ਸੱਦਿਆ ਹੋਸੀ। (25) ਨਾਨਕ ਕਹਿਆ, ਭਾਈ ਬਾਲਾ, (26) ਮੇਰਾ ਮਨ ਉਗਾਹੀ ਦਿੰਦਾ ਹੈ, ਜੋ ਕਿਸੇ ਮੇਰੇ ਉੱਤੇ ਚੁਗਲੀ ਖਾਧੀ ਹੈ। ਬਾਲੇ ਕਹਿਆ, ਜੀ, ਤੇਰੇ ਉੱਤੇ ਕਿਸੇ ਕਿਆ ਚੁਗਲੀ ਕਰਨੀ ਹੈ? ਤੂੰ ਕਿਆ ਕਰਦਾ ਹੈਂ? ਭਾਈ ਬਾਲਾ, (26) ਪਤਾਸਿਆਂ ਦਾ ਭਾਂਡਾ ਲੈ ਆਉ। ਬਾਲਾ ਪਤਾਸਿਆਂ ਦਾ ਭਾਂਡਾ ਲੈ ਆਇਆ। ਨਾਨਕ ਜੀ ਝੋਲੀ ਅੱਡੀ, ਜੋ ਕੁਛ ਭਾਂਡੇ ਵਿਚ ਪਤਾਸੇ ਆਹੇ, (27) ਸੋ ਸਭੋ ਪੱਲੇ ਪਾਇ ਲੀਤੇ; ਸੇਰ ਢਾਈ ਆਹੇ; (27) ਲੈਕਰ (28) ਨਾਨਕੀ ਭੈਣ ਪਾਸ ਆਇਆ। ਅੱਗੋਂ ਨਾਨਕੀ ਉੱਠ ਖੜੀ ਹੋਈ, ਆਉ ਭਾਈ ਜੀ; ਪੀੜਾ ਵਿਛਾ ਦਿੱਤਾ; ਨਾਨਕ ਬਹਿ ਗਇਆ; ਬਾਲਾ ਬੀ ਬੈਠਾ ਪੀੜੇ ਉੱਤੇ। ਨਾਨਕ ਪੁਛਿਆ ਬੇਬੇ ਜੀ ਨੂੰ, ਬੇਬੇ ਜੀ, ਕਿੰਉ ਸੱਦਿ-

ਆ ਹੈ ? ਤਾਂ ਨਾਨਕੀ ਕਹਿਆ, ਭਾਈ ਜੀ, ਬਹੁਤੇ ਦਿਨ ਹੋਏ ਆਹੇ, (27) ਤੇਰੇ ਮੁਹੁੰ ਦੇਖਣ ਦੀ ਸਿਕ ਆਹੀ; (29) ਇਸ ਵਾਸਤੇ ਮੈਂ ਭੁਲਮਾਂ ਭੇਜੀ ਆਹੀ (29)। ਤਾਂ ਫੇਰ ਨਾਨਕ ਜੀ ਕਹਿਆ, ਬੇਬੇ ਜੀ, ਮੈ ਨੂੰ ਵਿਸਵਾਸ ਹੋਇ ਰਹਿਆ ਹੈ; ਜਿਉ ਸੱਦਿਆ ਹੈ, ਤਿਵੇਂ ਹੀ ਆਖੁ। ਭਾਈ ਜੀ, ਤੈ ਨੂੰ ਸਭ ਕਿਛੁ ਮਲੂਮ ਹੈ, ਆਖਿਆ ਜਾਂਦਾ ਨਾਹੀਂ। ਤਾਂ ਨਾਨਕ ਕਹਿਆ, ਬੇਬੇ ਜੀ, ਮੈਂ ਆਪਣੇ ਮਨ ਵਿਚ ਜਾਣਦਾ ਹਾਂ, ਜੋ ਮੇਰੇ ਉੱਤੇ ਕਿਸੇ ਚੁਗਲੀ ਕੀਤੀ ਹੈ; ਸੋ ਮੈਂ ਭੀ ਇਹੋ ਆਖਦਾ ਹਾਂ, ਜੋ ਮੈ ਥੋਂ ਲੇਖਾ ਲੀਜੈ (30)। ਤਾਂ ਨਾਨਕੀ ਦਿਲਾਸਾ ਦੇਵਣ ਲੱਗੀ। ਤਾਂ ਫੇਰ ਨਾਨਕ ਕਹਿਆ, ਨਾ ਬੇਬੇ ਜੀ, ਇਹ ਲੇਖੇ ਦੀ ਗੱਲ ਹੈ, ਏਥੇ ਸਰਮ ਮੁਲਾਹਜਾ ਕਿਸੇ ਦਾ ਨਾਹੀਂ। ਨਾਨਕੀ ਕਹਿਆ, ਭਲਾ ਭਾਈ ਜੀ ॥

Notes of Explanation.

(1) The word ਪਰ seems to be used here in the sense of "*that is to say,*" or, according to its general acceptation, "but [only]."

(2) ਨਾਹਾ, a contraction of ਨਾ ਆਹਾ, *was not.*

(3) ਰਖਿਓਸੁ, equivalent to ਉਸ ਨੈ ਰਖਿਆ, *he placed.*

(4) ਕੀਤੀਆ, the same as ਕੀਤੀ.

(5) ਆਵੇ, i. q. ਆਵੈ.

(6) ਬਾਲਾ, this is ungrammatical; it should be ਬਾਲੇ, in the instrumental case.

(7) ਛੱਡ ਚਲਿਓ, instead of ਉਹ ਛੱਡ ਚਲਿਆ, *has he forsaken ?* (speaking of Bálá.) Or it may be a careless way of writing ਛੱਡ ਚਲੋ, *will you forsake ?*

(8) ਸੋਂ, i. q. ਸੋ.

(9) ਕੀਤੋਸ, i. q. ਉਸ ਨੈ ਕੀਤਾ.

(10) ਦਿਤੋਸ, i. q. ਉਸ ਨੈ ਦਿੱਤਾ.

(11) ਆਹਾ, equivalent to ਸਾ.

(12) ਖੱਟਿਆ ਹੈਸੁ, for ਉਸ ਨੈ ਖੱਟਿਆ ਹੈ.

(13) ਦੇਸੀ, equivalent to ਦੇਵੇਗਾ.

(14) ਆਹੀਆਂ, equivalent to ਸੀਆਂ.

(15) ਨਾਹਿਸ੍ਹ, the same as ਨਾ ਓਸ ਨੈ.

(16) ਭਾਵੈਗੀ, more properly written ਭਾਵੇਗੀ.

(17) ਹੋਵੈਗੀ, more properly written ਹੋਵੇਗੀ.

(18) ਕਰਸੀ, i. q. ਕਰੇਗਾ, *or* [ਕਰੇਗੀ.

(19) ਹੋਵੈ, properly ਹੋਵੇ.

(20) ਗਵਾਂਇਦਾ, more properly written ਗਵਾਉਂਦਾ.

(21) ਖਵਾਂਇਦਾ, more properly ਖਵਾਉਂਦਾ: though it may be, that in some parts of the country, words of this sort are pronounced with ਇ rather than ਉ.

(22) ਹੋਵੀ, for ਹੋਵੇ.

(23) ਵੇਚੋ, i. q. ਵੇਚਓ.

(24) ਲਹੋ, i. q. ਲਓ.

(25) ਹੋਸੀ, another form for ਹੋਵੇਗਾ.

(26) ਬਾਲਾ, the nominative used for the vocative.

(27) ਆਹੋ, i. q. ਸੋ.

(28) ਲੈਕਰ, a Hindí form for ਲੈਕੇ.

(29) ਆਹੀ, for ਸੀ.

(30) ਲੀਜੈ, instead of ਲੈਓ, being an attempted imitation of the Urdú honorific imperative.

3. A SELECTION FROM "PANJABÍ PROVERBS;"

WITH EXPLANATIONS BY A NATIVE.

੧ ਅੰਨ੍ਹੀ ਕੁਕੜੀ ਖਸਖਸ ਦਾ ਚੋਗਾ।

ਜਿਹਾ ਅੰਨ੍ਹੀ ਕੁਕੜੀ ਅਗੇ ਖਸਖਸ ਦਾ ਚੋਗਾ ਪਾਉਲਾ ਅਵਿਰਥਾ ਹੈ, ਤਿਹਾ ਹੀ ਮੂਰਖ ਮਨੁਖ ਅਗੇ, ਸਿਆਲਪ ਅਤੇ ਗੂਹੜ ਦੀ ਗੱਲ ਕਰਨੀ, ਕੇ ਲੁਚੇ ਤੇ ਭਲੰਮਲਸਊ ਦੀ ਗੱਲ ਪੁਛਲੀ, ਅਵਿਰਥੀ ਹੈ॥

੨ ਚੋਰਟੀ ਕੁੱਤੀ ਜਲੇਬੀਆਂ ਦੀ ਰਖਵਾਲੀ।

ਜਿਹਾ ਚੋਰਟੀ ਕੁੱਤੀ ਨੂੰ ਜਲੇਬੀਆਂ ਦੀ ਰਾਖੀ ਬਹਾਲਲਾ ਅਹਿਮਕਾਈ ਹੈ, ਤਿਹਾ ਹੀ ਖਿਆਨਤਵਾਲੇ ਅਰ ਹੋਛੇ ਮਨੁਖ ਤੇ ਇਮਾਨਦਾਰੀ ਦੀ ਆਸ ਰਖਲੀ ਅਹਿਮਕਪੁਲਾ ਹੈ। ਯਾ. ਜਿਹੀ ਚੋਰਟੀ ਕੁੱਤੀ ਥੀਂ ਜਲੇਬੀਆਂ ਦੀ ਰਖਵਾਲੀ ਕਰਨੀ ਅਲਹੋਲਹਾਰ ਹੈ, ਤਿਹੀ ਹੀ ਖਿਆਨਤੀ ਮਨੁਖ ਤੇ ਇਮਾਨਦਾਰੀ ਪਰਗਟ ਹੋਲੀ ਅਲਹੋਲੀ ਸਮਝੀ ਚਾਹਜੇ॥

੩ ਗੰਜੀ ਘੁਟਾਰ, ਤੇ ਟੀਸੀ ਮੁਆਹਲਲਾ।

ਇਸ ਦਾ ਅਰਥ ਇਹ ਹੈ, ਕਿ ਇਕ ਸਿਰ ਤੇ ਗੰਜੀ ਮਾਰਕ ਨੈ ਚਾਹਿਆ,

ਜੇ ਮੈਂ ਕਿਸੇ ਬਿਰਛ ਦੀ ਟੀਸੀ ਉੱਪਰ ਆਹਲਣਾ ਬਣਾਵਾਂ, ਅਤੇ ਤਿਹਾ ਹੀ ਕੀਤਾ; ਤਦ ਲੋਕਾਂ ਨੈ ਤਿਸ ਦੀ ਇਛਿਆ ਸਮਝ੍ਹਕੇ ਠੱਠੇ ਮਾਰਨੇ ਸ਼ੁਰੂ ਕੇਤੇ, ਕਿ ਜੇ ਇਹ ਟੀਸੀ ਆਹਲਣਾ ਕਰਨੇ ਜੋਗੀ ਹੁੰਦੀ, ਤਾਂ ਟਹਿਲੋਆਂ ਦੀ ਰਗੜ ਦੀ ਮਾਰੀ ਗੰਜੀ ਕਿੰਉ ਹੋਈ ਹੁੰਦੀ; ਇਸੀ ਤਰਾਂ ਜੇ ਆਦਮੀ ਤੁਛ ਹੋਕੇ, ਆਪਣੇ ਬਿਜ਼ੁਰਗਾਂ ਵਾਂਙ ਵਡੀਕ ਗੱਲ ਕਰੀ ਚਾਹੈ, ਸੋ ਲੁਕਾਈ ਦੇ ਠੱਠੇ ਦੀ ਜਾਗਾ ਠਹਿਰਦਾ ਹੈ ॥

੪ ਤਿੰਨ ਪਾਉ ਖਿਚੜੀ, ਤੇ ਦੁਬਾਰੇ ਰਸੋਈ ।

ਜੇ ਕੋਈ ਤਿੰਨ ਪਾਉ ਖਿਚੜੀ ਪੁਰ, ਪੰਜਾਂ ਸੱਤਾਂ ਮਨੁਖਾਂ ਨੂੰ, ਜੋ ਚੁਬਾਰੇ ਵਿਖੇ ਹੋਣ, ਨੇਉਤਾ ਕਰੇ, ਸੋ ਅੱਤ ਮੂਰਖ ਹੈ। ਇਹ ਗੱਲ ਉਸ ਪੁਰ ਲਗਦੀ ਹੈ, ਜੋ ਥੁਹੜੀ ਪੂੰਜੀ ਜਾ ਥੁਹੜੀ ਰਾਸ ਪੁਰ ਵਡਾ ਅਡੰਬਰ ਚੱਕੇ ॥

੫ ਨੱਚ ਨ ਜਾਲੇ, ਮੇਰਾ ਅੰਙਣ ਟੇਢਾ ।

ਇਸ ਦਾ ਅਰਥ ਇਹ ਹੈ, ਕਿ ਜਾਂ ਮਨੁੱਖ ਕਿਸੇ ਕੰਮ ਵਿਚ ਭੁਲ ਜਾਂਦਾ ਹੈ, ਤਾਂ ਬਹਾਨੇ ਬਲਾਉਲ ਲੱਗ ਜਾਂਦਾ ਹੈ; ਅਥਵਾ ਜਾਂ ਕੋਈ ਆਦਮੀ ਕਿਸੇ ਕੰਮ ਨੂੰ ਕਰਨ ਲਗਦਾ ਹੈ, ਅਤੇ ਉਹ ਕੰਮ ਉਸ ਤੇ ਪੂਰਾ ਨਹੀਂ ਉਤਰਦਾ, ਤਾਂ ਬਹਾਨੇ ਬਲਾਉਲ ਲੱਭ ਪੈਂਦਾ ਹੈ ॥

੬ ਘਰ ਨਹੀਂ ਖਾਲ ਨੂੰ, ਤੇ ਅੰਮਾ ਪੀਹਲ ਗਈ ਹੋਈ ਹੈ ।

ਕਿਸੇ ਮਨੁੱਖ ਦੇ ਘਰ ਖਾਲ ਨੂੰ ਨਹੀਂ ਸਾ, ਉਸ ਦੇ ਕਿਸੇ ਮਿੱਤ੍ਰ ਨੈ ਪੁਛਿਆ, ਅੱਜ ਕੀ ਹੈ, ਜੋ ਚੁਲ੍ਹ ਤੋਕੁਰ ਖਾਲੇ ਪਕਾਉਲੇ ਦਾ ਕੁਛ ਆਹਰ ਨਹੀਂ ਕੀਤਾ, ਤਾਂ ਉਨ ਸੋਖੀ ਦੇ ਮਾਰੇ ਐਉਂ ਆਖਿਆ, ਜੋ ਅੰਮਾ ਪੀਹਲ ਗਈ ਹੋਈ ਹੈ। ਇਸ ਦਾ ਮਤਬਲ ਇਹ ਹੈ, ਜੋ ਇਸ ਸਮੇ ਵਿਖੇ ਕਈ ਅਜਿਹੇ ਮਨੁੱਖ ਹਨ, ਜੋ ਬਿਨਾ ਰਾਸ ਪੂੰਜੀ ਐਵੇਂ ਝੂਠ ਭੁਫਾਨ ਬੋਲਕੇ ਜਗਤ ਨੂੰ ਠਗ ਠਗ ਖਾਂਦੇ ਹਨ। ਅਤੇ ਕਈ ਅਜਿਹੇ ਹਨ, ਜੋ ਤਿਨਾਂ ਪਾਹ ਖਾਲ ਨੂੰ ਹੈ ਨਹੀਂ; ਪਰ ਤਾਂ ਭੀ ਸੋਖੀ ਦੇ ਮਾਰੇ ਮੁੱਛਾਂ ਤੇਲ ਨਾਲ ਚੋਪੜਕੇ ਬਾਹਰ ਨਿੱਕਲਕੇ ਫੜਾਂ ਮਾਰਦੇ ਹਨ, ਜੋ ਅੱਜ ਅਸੀਂ ਪੁਲਾਉ ਖਾਹਦਾ ਹੈ; ਅੱਜ ਸੋਮੀਆਂ ਖਾਹਦੇ-ਆਂ ਹਨ; ਅੱਜ ਜਰਦਾ ਖਾਹਦਾ ਹੈ; ਅਤੇ ਢਿੱਡ ਵਿਚ ਸੂਆਹ ਬੀ ਨਹੀਂ ਹੁੰਦੀ; ਸੋ ਐਸਿਆਂ ਮਨੁੱਖਾਂ ਨੂੰ ਸਿਫਲੇ ਅਤੇ ਫੜਜੇ ਆਖੀਦਾ ਹੈ ॥

੭ ਆਪੇ ਬਾਬੂ ਮੰਗਤੇ, ਤ ਬਾਹਰ ਖੜੇ ਦਰਵੇਸ ।

ਜੇ ਕੋਈ ਕਿਸੇ ਭੁਖ ਭੀੜ ਦੇ ਮਾਰੇ ਹੋਏ ਤੇ ਉਸ ਵੇਲੇ ਕੁਛ ਮੰਗੇ, ਤਾਂ ਉਸ ਦੀ ਇਹੋ ਮਸਾਲ ਹੈ, ਆਪੇ ਬਾਬੂ, &c.

੮ ਮੰਗਤਿਆਂ ਤੇ ਮੰਗਲਾ, ਇਹ ਲਾਲਚੀਆਂ ਦਾ ਕੰਮ ।

ਫੇਰ ਇਨਾਂ ਦੋਹਾਂ ਗੱਲਾਂ ਦਾ ਅਰਥ ਇਹ ਹੈ, ਜੋ ਕੰਗਾਲਾਂ, ਅਰਥਾਤ ਮੰਗ-

ਤਿਆਂ ਕੋਲੋਂ ਮੰਗਲਾ ਲਾਲਤੀਆਂ ਦਾ ਕੰਮ ਹੈ; ਕਿੰਉਕਿ ਜੋ ਆਪ ਹੀ ਕੁਛ ਨਹੀਂ ਧਰਦਾ, ਉਹ ਦੂਜੇ ਨੂੰ ਕੀ ਦੇਵੇਗਾ, ਅਤੇ ਉਸ ਥੀਂ ਕੋਈ ਕੀ ਬੈਰੋ-ਸਾਵੇਗਾ॥

੯ ਮਾਂਉਂ ਮੋਈ ਪੋਹ ਦੇ ਮਹੀਨੇ, ਤੇ ਧੀ ਦਾ ਨਾਉਂ ਬੁਗਚੀ।

ਅਰਥ ਇਹ ਹੈ, ਜੇ ਧੀ ਕੱਪੜਿਆਂ ਦੀ ਬੁਗਚੀ ਹੁੰਦੀ, ਤਾਂ ਉਸ ਦੀ ਮਾਉਂ ਪੋਹ ਦੇ ਮਹੀਨੇ ਪਾਲੇ ਦੀ ਮਾਰੀ ਕਿੰਉ ਮਰਦੀ। ਇਸੀ ਤਰਾਂ ਜਦ ਤੀਕੁਰ ਮਨੁਖ ਵਿਚ ਗੁਲ ਨਾ ਹੋਵੇ, ਤਦ ਤੀਕੁਰ ਛੋਕਰਾ ਛੜਿਆਈ ਦਾ ਨਾਉਂ ਕਿਸ ਅਰਥ ਹੈ? ਜਿਹਾਕੁ ਕੋਈ ਬਿੰਦਿਆ ਕੇ ਇਲਮ ਪੜ੍ਹੇ ਬਿਨਾ ਪੰਡਤ ਅਖੇ ਮੋਲਵੀ ਕਹਾਵੇ, ਉਸ ਨੂੰ ਇਸ ਛੋਕੇ ਨਾਉਂ ਤੇ ਕੀ ਲੱਭਤ ਹੈ; ਕਿੰਉਕਿ ਪਰਖ ਦੇ ਵੇਲੇ ਬਹੁਤ ਸਰਮਿੰਦਾ ਹੋਉ, ਸਗਵਾਂ ਅਗਲੀ ਗਿੱਲ ਬੀ ਖੋਉ॥

੧੦ ਨਵੀਂ ਨਾਇਲ, ਤੇ ਖੰਝ ਦਾ ਨਹੇਰਨਾ।

ਅਰਥ ਇਹ ਹੈ, ਕਿ ਜਾਂ ਹੋਛਾ ਅਤੇ ਕਮੀਲ ਆਦਮੀ ਕਿਸੇ ਪਾਏ ਨੂੰ ਪਹੁੰਚ ਜਾਂਦਾ ਹੈ, ਤਾਂ ਉਸ ਤੇ ਸਮਾਈ ਨਹੀਂ ਹੁੰਦੀ, ਸਗੋਂ ਉਲਟੇ ਉਲਟੇ ਕੰਮ ਕਰਨ ਲਗ ਜਾਂਦਾ ਹੈ॥

੧੧ ਹੋਛੀ ਦੀ ਨੱਥ, ਕਦੇ ਨੱਕ, ਤੇ ਕਦੇ ਹੱਥ।

ਹੋਛੇ ਮਨੁੱਖ ਨੂੰ ਜੇ ਕਾਈ ਚੰਗੀ ਵਸਤੁ ਲੱਭ ਜਾਂਦੀ ਹੈ, ਤਾਂ ਉਹ ਉਸ ਵਸਤੁ ਨੂੰ ਕਿਸੇ ਨ ਕਿਸੇ ਢਬ ਲੋਕਾਂ ਤਾਈਂ ਦਿਖਾਲਦਾ ਹੈ, ਹੋਛਪੁਲੇ ਦੇ ਸਬਬ ਸਮਾਈ ਨਹੀਂ ਕਰ ਸਕਦਾ, ਉਸ ਤੀਵੀਂ ਵਾਂਙੁ ਕਿ ਜਿਹ ਨੂੰ ਸਾਰੀ ਉਮਰ ਪਿਛੇ ਇਕ ਨੱਥ ਲੱਭ ਪਈ ਸੀ, ਅਤੇ ਜਗਤ ਦੇ ਦਿਖਾਲਣ ਲਈ ਕਦੇ ਉਸ ਨੂੰ ਨੱਕ ਵਿਚ ਪਾਉਂਦੀ, ਅਤੇ ਕਦੇ ਹੱਥ ਵਿਚ ਲੈ ਲੈਂਦੀ ਸੀ॥

੧੨ ਹੋਛੇ ਤਾਈਂ ਠੂਠਾ ਲੱਭਾ, ਪਾਲੀ ਪੀ ਪੀ ਆਫਰ ਗਿਆ।

ਕਿਸੇ ਹੋਛੇ ਨੂੰ ਇਕ ਚੀਨੀ ਦਾ ਪਿਆਲਾ ਲੱਭਾ; ਜਦ ਕੋਈ ਨਮਾ ਮਨੁਖ ਆਉਂਦਾ, ਤਦੇ ਉਹ ਉਸ ਨੂੰ ਦਿਖਾਲਣ ਲਈ ਪਾਲੀ ਪੀਣ ਦੇ ਪੰਜ ਕਢਦਾ, ਅਤੇ ਭਰਕੇ ਇਕ ਪੀ ਲੈਂਦਾ, ਓੜਕ ਢਿੱਡ ਆਫਰਕੇ ਮਰ ਗਿਆ॥

੧੩ ਸੂਤ ਨਾ ਕੁਪਾਹ, ਜੁਲਾਹੇ ਨਾਲ ਠੁੰਗਾ ਠਾਂਗੀ।

ਕਿਸੇ ਮਨੁਖ ਦੇ ਪ੍ਰਾਸ ਸੂਤ ਕੁਪਾਹ ਕੁਛ ਬੀ ਨਸੋ; ਪਰ ਜਾਂ ਜੁਲਾਹੇ ਦੇ ਘਰ ਪਾਸ ਦਿਓਂ ਲੰਘਿਆ ਕਰਦਾ, ਤਾਂ ਉਸ ਨੂੰ ਨਿੱਤ ਆਖਿਆ ਕਰਦਾ, ਓ ਭਾਈ ਜੁਲਾਹਿਆ, ਮੇਰਾ ਕੱਪੜਾ ਬੀ ਬੁਣ ਦਿਹ; ਇਕ ਦਿਹਾੜੇ ਜੁਲਾਹਾ ਅੱਕਕੇ ਉਹ ਦੇ ਘਰ ਜਾ ਬੈਠਾ, ਅਤੇ ਆਖਣ ਲਗਾ, ਲਿਆਉ ਮੀਆਂ, ਸੂਤ ਕੱਢ; ਤੈਂ ਤਾ ਮੈ ਨੂੰ ਅਸਾ ਦਿੱਤਾ ਹੈ; ਤਦ ਉਹ ਮਨੁਖ ਟਾਲੇ ਬਾਲੇ ਕਰਕੇ ਰਹਿਣ ਲਗਾ, ਕਿ ਜਾਹ ਭਾਈ, ਕੱਲ ਨੂੰ ਮੈਂ ਆਪੇ ਤੇਰੇ ਘਰ ਸੂਤ ਪੁਚਾ ਦਿ-

ਆਂਗੂ; ਇਸ ਵੇਲੇ ਮੈ ਨੂੰ ਕੁਛ ਵੱਸ ਹੈ, ਜਾਹ ਚਲਾ ਜਾਹ; ਤਾਂ ਉਸ ਦੇ ਗੁਮਾਂਦੀਆਂ ਨੈ ਜੋ ਉਹ ਦੇ ਭੇਤ ਤੇ ਮਹਿਰਮ ਸੀ, ਇਹ ਗਲ ਸੁਲਝੇ ਆਖਿਆ, ਕਿ ਮੀਆਂ ਤੇਰੀ ਉਹੋ ਨਕਲ ਹੈ, ਜੇ ਸੂਤ ਨਾ, ਕੁਪਾਹ ਨਾ, ਜੁਲਾਹੇ ਨਾਲ ਟੰਗਾ ਠਾਂਗੀ॥

੧੪ ਜੱਟ ਫਕੀਰ, ਗਲ ਗੰਢਿਆਂ ਦੀ ਮਾਲਾ।

ਸਭ ਕੋਈ ਜਾਣਦਾ ਹੈ, ਕਿ ਜੱਟ ਲੋਕ, ਗੰਢੇ, ਅਰਥਾਤ ਪਿਆਜ ਬਹੁਤ ਖਾਇਆ ਕਰਦੇ ਹਨ; ਇਕ ਵਾਰ ਅਜਿਹਾ ਹੋਇਆ, ਜੋ ਇਕ ਜੱਟ ਫਕੀਰ ਹੋ ਗਿਆ, ਅਤੇ ਉਨ ਜਪਮਾਲਾ ਦੀ ਜਾਗਾ, ਗੰਢਿਆਂ ਦੀ ਮਾਲਾ ਗਲ ਪਾ ਲਈ; ਤਾਂ ਕਿਸੇ ਆਦਮੀ ਨੈ ਉਸ ਤੇ ਪੁਛਿਆ, ਕਿ ਫਕੀਰਾ ਤੈਂ ਗਲ ਵਿਚ ਅਹ ਕੀ ਪਾਇਆ ਹੈ? ਹੋਰਨਾਂ ਦੇ ਗਲੀਂ ਤਾ ਤਸਬੀ, ਜਾ ਜਪਮਾਲਾ ਹੁੰਦੀ ਹੈ, ਤੈਂ ਇਹ ਸਾਂਗ ਕੀ ਬਲਾਇਆ ਹੈ? ਇਸ ਗੱਲ ਪੁਰ ਕਿਸੀ ਸਿਆਲੇ ਨੈ ਕਿਹਾ, ਜੋ ਤੈਂ ਇਹ ਕਹਾਉਂਦ ਨਹੀਂ ਸੁਣੀ? ਜੱਟ ਫਕੀਰ ਗਲ ਗੰਢਿਆਂ ਦੀ ਮਾਲਾ। ਇਸ ਦਾ ਮਤਬਲ ਇਹ ਹੈ, ਜੋ ਕਮੀਲ ਭਾਵੇਂ ਫਕੀਰ, ਅਥਵਾ ਵਡਾ ਆਦਮੀ ਹੋ ਜਾਵੇ, ਪਰ ਉਹ ਦੀ ਕਮੀਲਪੁਣੇ ਦੀ ਕੁਲੰਤ ਉਸ ਨੂੰ ਨਹੀਂ ਵਿੱਸਰਦੀ॥

੧੫ ਅੱਗ ਨੂੰ ਆਈ, ਘਰਬਾਰਨ ਹੀ ਬਲ ਬੈਠੀ।

ਕੋਈ ਤ੍ਰੀਮਤ ਕਿਸੇ ਦੇ ਘਰ ਅੱਗ ਲੈਣ ਗਈ ਸੀ; ਘਰ ਦਿਆਂ ਨੂੰ ਸੁਸਤ ਨਤਾਲੇ ਦੇਖਕੇ ਆਪੇ ਆਪ ਘਰ ਦੀ ਮਾਲਕ ਬਣ ਬੈਠੀ। ਇਸ ਦਾ ਅਰਥ ਇਹ ਹੈ, ਕਿ ਬਾਜੇ ਆਦਮੀ ਅਜਿਹੇ ਚਲਾਕ ਹੁੰਦੇ ਹਨ, ਕਿ ਜੇ ਓਹ ਕਿਸੇ ਜਾਗਾ ਪੈਰ ਧਰਨ ਨੂੰ ਠਕਾਣਾ ਪਾਉਂਦੇ ਹਨ, ਜਾ ਕਿਸੇ ਜਾਗਾ ਰਤੀਕੁ ਬੀ ਢਿਲ ਲਭਦੇ ਹਨ, ਤਾਂ ਘੋਸ ਵਾਂਙੂ ਝਰਤ ਮਾਰੇ ਹੀ ਘੁਸ ਜਾਂਦੇ ਹਨ॥

੧੬ ਪਰਾਈ ਛਾਹ ਉਪੁਰ ਮੁੱਛਾਂ ਮੁਨਾਉਲੀਆਂ।

ਕਿਸੇ ਦੇ ਆਸਰੇ ਉੱਪੁਰ ਆਪਲੀਆਂ ਮੁਛਾਂ ਮੁੱਨਾ ਸਿਟਲੀਆਂ, ਅਰਥਾਤ ਪਰਾਈ ਵਸਤੁ ਉੱਤੇ ਭਰੋਸਾ ਕਰ ਬੈਠਲਾ, ਮੂਰਖਾਂ ਦਾ ਵੱਸ ਹੈ॥

੧੭ ਨਵੀਂ ਫਕੀਰਨੀ, ਤੇ ਠੂਠਿਆਂ ਦਾ ਖੜਖੜਾਟ।

ਇਕ ਤ੍ਰੀਮਤ ਨਵੀਂ ਹੀ ਫਕੀਰਨੀ ਬਨੀ ਸੀ; ਚਾਉ ਦੀ ਮਾਰੀ ਲੋਕਾਂ ਦੇ ਸਾਹਮਲੇ ਠੂਠੇ ਪਿਆਲੇ ਬਹੁਤ ਖੜਕਾਇਆ ਕਰਦੀ, ਤਾਂ ਲੋਕ ਜਾਨਲ, ਜੋ ਇਸ ਦੇ ਪਾਹ ਫਕੀਰੀ ਹਾਲ ਵਿਚ ਬੀ ਭਾਂਡੇ ਟੀਂਡੇ ਬਹੁਤ ਹਨ; ਇਵੇਂ ਸੋਖੀ ਦੀ ਮਾਰੀ ਹੋਰ ਬੀ ਕਰਜ ਚੱਕਕੇ ਭਾਂਡੇ ਖਰੀਦ ਲਿਆਉਂਦੀ; ਇਸੀ ਤਰਾਂ ਕਰਜਾਈ ਹੋਕੇ ਮਕਾਨ ਛਡਕੇ ਭੱਜ ਗਈ। ਮਤਬਲ ਇਹ, ਕਿ ਬਹੁਤ ਨੋਚੰਜ ਲੋਕ ਸੋਖੀ ਦੇ ਮਾਰੇ ਆਪਲੇ ਬਿਤੋਂ ਬਾਹਰੇ ਚਲਦੇ ਹਨ, ਅਤੇ ਓੜਕ ਕਰਜਾਈ ਹੋਕੇ ਘਰਬਾਰ ਛੱਡਕੇ ਨੱਸ ਜਾਂਦੇ ਹਨ॥

੧੮ ਅੱਖਾਂ ਤੇ ਅੰਨਾ, ਤੇ ਨਾਉਂ ਨੈਲਸੁਖ।

ਕੋਈ ਮਨੁਖ ਅੱਖਾਂ ਤੋਂ ਅੰਨਾ ਸੀ, ਅਤੇ ਨਾਉਂ ਨੈਲਸੁਖ ਧਰਾਇਆ ਸੀ; ਤਾਂ ਲੋਕ ਠੱਠੇ ਮਾਰਕੇ ਕਹਿਲ ਲੱਗੇ, ਜੋ ਇਹ ਵੱਡੇ ਮੁਚੱਭੇ ਦੀ ਗੱਲ ਹੈ, ਜੋ ਅੱਖਾਂ ਤੇ ਅੰਨਾ, ਅਰ ਨਾਉਂ ਨੈਲਸੁਖ। ਅਤੇ ਨੈਲਸੁਖ ਦਾ ਅਰਥ, ਸੁਜਾਖਾ ਅਰ ਅੱਖਾਂਵਾਲਾ ਹੈ। ਅਰਥਾਤ ਇਹ ਉਲਟੀ ਗਲ ਹੈ, ਜੋ ਕੰਗਾਲ ਹੋਕੇ ਧਨੀ ਕਹਾਵੇ; ਅਰੇ ਅੰਨਾ ਹੋਕੇ ਸੁਜਾਖਾ ਅਖਾਵੇ। ਸੋ ਆਦਮੀ ਨੂੰ ਚਾਹੀਦਾ ਹੈ, ਕਿ ਜਿਸ ਹਾਲ ਵਿਚ ਹੋਵੇ, ਤਿਹਾ ਹੀ ਸਦਾਵੇ; ਤਾਂ ਲੋਕਾਂ ਦੇ ਠੱਠੇ ਤੇ ਬਚ ਰਹੇ॥

੧੯ ਬਾਪ ਨ ਮਾਰੀ ਪਿੰਦੜੀ, ਤੇ ਬੇਟਾ ਤੀਰੰਦਾਜ।

ਕਿਸੇ ਆਦਮੀ ਦੇ ਪਿਉ ਨੈ ਮਾਰੀ ਉਮਰ ਵਿਚ ਪਿੰਦੀ ਬੀ ਨਹੀਂ ਮਾਰੀ ਸੀ, ਅਰ ਪੁਤ ਤੀਰੰਦਾਜੀ ਸਿਖਕੇ, ਗੱਪਾਂ ਮਾਰਨ ਲਗਾ, ਕਿ ਸਾਡੇ ਬਾਪਦਾਦੇ ਤੇ ਲਾਕੇ ਤੀਰੰਦਾਜੀ ਚੁੰਦੀ ਚਲੀ ਆਈ ਹੈ; ਤਾਂ ਲੋਕ ਹੱਸਕੇ ਉੱਪਰਲੀ ਕਹਾਉਤ ਕਹਿਲ ਲਗੇ। ਇਸ ਦਾ ਮਤਬਲ ਇਹ ਹੈ, ਕਿ ਜਿਹ ਦੇ ਪਿਛਲੇ ਕੰਗਾਲ ਹੋਲ, ਅਰ ਉਹ ਸੋਖੀ ਮਾਰੇ, ਤਾਂ ਉਹ ਨੂੰ ਸਭ ਕੋਈ ਹੱਸਦਾ ਹੈ॥

੨੦ ਮਾਉਂ ਭਠਿਆਰੀ, ਤੇ ਪੁੱਤ ਫੜੇਖਾਂ।

ਆਦਮੀ ਨੂੰ ਚਾਹੀਦਾ ਹੈ, ਜੋ ਦੀਨ ਦੇ ਰਾਹ ਛੁਟ, ਹੋਰ ਆਪਲੇ ਵਡਿਆਂ ਦੇ ਰਾਹ ਪੁਰ ਚੱਲੇ। ਦੀਨ ਦੀ ਬਾਬਤ ਸਮਝੇ ਚਲਲਾ ਅੱਛਾ ਹੈ॥

੨੧ ਮਾਉਂ ਮੂਲੀ, ਪਿਉ ਪਿਆਜ, ਪੁੱਤ ਕੇਸਰ ਦੀ ਤਰੋ।

ਕਿਸੇ ਦੇ ਮਾਉਂ ਬਾਪ ਬੁਰਿਆਰ ਸੋ, ਅਤੇ ਪੁਤ ਉਨਾਂ ਨਾਲੋਂ ਬੀ ਵਧੀਕ ਨਿਕਲਿਆ; ਤਾਂ ਕਿਸੀ ਸਿਆਲੇ ਨੈ ਆਖਿਆ, ਜੋ ਮਾਉਂ ਬਾਪ ਤਾ ਥੇ, ਪਰ ਪੁੱਤ ਦੋਹਾਂ ਨਾਲੋਂ ਵਧੀਕ ਨਿਕਲਿਆ; ਅਤੇ ਇਹ ਕਹਾਉਤ ਆਖੀ, ਕਿ ਮਾਉਂ ਮੂਲੀ, ਪਿਉ ਪਿਆਜ, ਪੁਤ ਕੇਸਰ ਦੀ ਤਰੋ॥

੨੨ ਨਵੀਂ ਜੁਆਨੀ ਲਿੱਦ ਦੇ ਢੱਕੇ।

ਜਾਂ ਕਿਸੀ ਮਨੁਖ ਤੋ ਜੁਆਨੀ ਵਿਚ ਕੁਛ ਕੰਮ ਨਾ ਹੋ ਸੱਕਿਆ, ਤਾਂ ਇਕ ਸਿਆਲੇ ਨੈ ਆਖਿਆ, ਕਿ ਜਿਸ ਤੋ ਜੁਆਨੀ ਵਿਚ ਕੁਛ ਨਹੀਂ ਹੋ ਸਕਦਾ, ਤਾਂ ਉਹ ਬੁਢੇਪੇ ਵਿਚ ਕੀ ਕਰੇਗਾ; ਜਾਂ ਇਸ ਵੇਲੇ ਲਿੱਦ ਢੱਕਦਾ ਹੈ, ਤਾਂ ਬੁਢੇਪੇ ਵਿਚ ਕੀ ਕਮਾਕੇ ਖਾਵੇਗਾ?

੨੩ ਨਵੀਂ ਜੁਲਾਹੀ, ਫੇਰ ਪੁਰ ਭਾਲਾ।

ਕੰਗਾਲ ਆਦਮੀ ਨੂੰ ਜੇ ਧਨ ਲਭ ਜਾਂਦਾ ਹੈ, ਤਾਂ ਉਹ ਨਵੀਂ ਜੁਲਾਹੀ ਵਾਂਙੂ ਫੇਰ ਪੁਰ ਉੱਲਰਦਾ ਫਿਰਦਾ ਹੈ; ਤਾਂ ਲੋਕ ਉਹ ਨੂੰ ਦੇਖਕੇ ਵਡਿਆਈ ਕਰਨ, ਅਰ ਜਾਨਲ, ਜੋ ਉਹ ਧਨਵਾਨ ਹੈ॥

੨੪ ਮਾਉਂ ਫਿਰੇ ਫੋਸੀ ਫੋਸੀ ਨੂੰ, ਤੇ ਪੁੱਤ ਗੁਹੂਰੇ ਬਖਸ਼ਦਾ ਫਿਰਦਾ ਹੈ।

ਕਿਸੇ ਆਦਮੀ ਦੀ ਮਾਉਂ ਜਗਾ ਜਗਾ ਭੋਹੋ ਪਿਛੇ ਰੁਲਦੀ ਫਿਰਦੀ ਸੀ; ਅਤੇ ਉਹ ਸੋਖੀ ਦਾ ਮਾਰਿਆ ਹਰ ਕਿਸੇ ਨੂੰ ਆਖਦਾ ਫਿਰਦਾ ਸੀ, ਜਾਹ ਤੈਂ ਨੂੰ ਇੱਕ ਗੁਹੂਰਾ ਬਖਸਿੰਆ; ਕਿਸੇ ਨੂੰ, ਜਾਹ ਤੈ ਨੂੰ ਦੋ ਗੁਹੂਰੇ ਬਖਸੇ; ਅਤੇ ਘਰ ਵਿਚ ਬਾਲਲ ਲਈ ਇਕ ਭੋਹਾ ਨਹੀਂ ਸਾ॥

੨੫ ਪੱਲੇ ਨਹੀਂ ਅੱਨ, ਤੇ ਬਰਾਸੂਹੀ ਖੰਨ।

ਜਿਸ ਦੇ ਪੱਲੇ ਨਾ ਹੋਵੇ, ਅਰ ਹਰ ਚੀਜ ਦੀ ਹਿਰਸ ਕਰੇ, ਉਹੋ ਜਿਹੇ ਦੀ ਬਾਬਤ ਕਿਸੇ ਸਿਆਲੇ ਨੈ ਇਹ ਕਹਾਉਤ ਆਖੀ ਹੈ॥

੨੬ ਕੁੱਤਾ ਰਾਜ ਬਹਾਲ੍ਹਯੇ, ਤੇ ਚਰੀ ਚੱਟਲ ਜਾਹ।

ਭਾਵੇਂ ਕੁੱਤੇ ਨੂੰ ਪਲੰਘ ਪੁਰ ਬਹਾਯੇ, ਪਰ ਤਾਂ ਭੀ ਉਹ ਆਪਲੇ ਕੁਤਪੁਲੇ ਦੀ ਖੋ ਤੇ ਨਹੀਂ ਟਲਦਾ; ਤਿਹਾ ਹੀ ਕਮੀਨਾ ਆਦਮੀ ਆਪਲੇ ਕਮੀਨਪੁਲੇ ਤੇ ਨਹੀਂ ਹਟਦਾ, ਭਾਵੇਂ ਉਹ ਨੂੰ ਰਾਜ ਪੁਰ ਬਹਾਲ ਦੇਯੇ॥

੨੭ ਕਮੀਨੇ ਦੀ ਯਾਰੀ ਸਦਾ ਖੁਆਰੀ।

ਅਰਥਾਤ ਕਮੀਨੇ ਦੀ ਯਾਰੀ ਤੇ ਕਦੇ ਸੁਖ ਪਰਾਪਤ ਨਹੀਂ ਹੁੰਦਾ॥

੨੮ ਨਾਉਂ ਨ ਜਾਲਾਂ ਤੇਰਾ, ਤੂੰ ਹੋਇਆ ਜਠੇਰਾ ਮੇਰਾ।

ਕੋਈ ਓਪਰਾ ਆਦਮੀ ਕਿਸੇ ਦੇ ਘਰ ਚੁੱਕਾ ਪੀਲ ਜਾ ਬੈਠਾ; ਜਾਂ ਰੋਟੀ ਪੱਕ ਤਿਆਰ ਹੋਈ, ਅਰ ਉਹ ਆਦਮੀ ਹੱਥ ਧੋਕੇ ਖਾਲ ਨੂੰ ਹੋ ਬੈਠਾ, ਤਾਂ ਘਰ ਦੀ ਮਾਲਕਨੀ ਨੈ ਕਿਹਾ, ਜੇ ਮੈਂ ਤਾ ਤੇਰੇ ਨਾਉਂ ਤੇ ਬੀ ਮਹਿਰਮ ਨਹੀਂ; ਤੂੰ ਕਿਉਂ ਆਖੇ ਬਿਨਾ ਖਾਲ ਨੂੰ ਹੋ ਬੈਠਾ ਹੈਂ? ਕਿਆ ਤੂੰ ਸਾਡਾ ਜਠੇਰਾ ਹੈਂ, ਜੋ ਤੈ ਨੂੰ ਬੈਠੇ ਨੂੰ ਖੁਲਾਯੇ? ਤੇਰੀ ਤਾ ਉਹੋ ਗਲ ਹੋਈ, ਜੋ ਕਿਸੇ ਸਿਆਲੇ ਨੈ ਆਖੀ ਹੈ, ਨਾਉਂ ਨ ਜਾਲਾਂ ਤੇਰਾ, ਤੂੰ ਹੋਇਆ ਜਠੇਰਾ ਮੇਰਾ। ਸੋ ਬਾਜੇ ਆਦਮੀ ਕੁਸਰਮੀ ਦੇ ਤਾਲ ਬਿਨ ਪੁਛਿਆਂ ਹੀ ਆਪੇ ਆਪ ਮਹਿਰਮ ਬਲ ਬੈਠਦੇ ਹਨ॥

੨੯ ਖਾਹ ਜਵਾਈਆ ਭਾਹਰੀ, ਨਕੋਂ ਮੂਹੋਂ ਬਾਹਰੀ।

ਭਾਹਰੀ ਇਕ ਪਰਕਾਰ ਦਾ ਭੋਜਨ ਹੈ। ਕਿਸੇ ਚੰਦਰੀ ਸੱਸ ਦੇ ਘਰ ਜਵਾਈ ਗਿਆ, ਅਤੇ ਉਸ ਦੀ ਧੀ ਨਾਲ ਉਹ ਦੀ ਬਲਤ ਨਸੋ; ਰਜਾ ਨੂੰ ਉਦਿੱਨ ਉਹ ਦੇ ਭਾਹਰੀ ਪੱਕੀ ਹੋਈ ਸੀ; ਇਸ ਕਰਕੇ ਉਹ ਦੇ ਖਿਸਕਾਉਣ ਲਈ ਬਥੇਰੇ ਬੁਹਾਨੇ ਬਲਾ ਰਹੀ, ਪਰ ਉਹ ਨਾ ਹੀ ਟਲਿਆ; ਓੜਕ ਬਹੁਤ ਦਿੱਕ ਅਰ ਲਚਾਰ ਹੋਕੇ ਓਨ ਭਾਹਰੀ ਦੀ ਥਾਲੀ ਉਹ ਦੇ ਅਗੇ ਧਰੀ, ਅਤੇ ਇਹ ਕਹਾਉਤ ਆਖੀ, ਖਾਹ ਜਵਾਈਆ ਭਾਹਰੀ, ਨਕੋਂ ਮੂਹੋਂ ਬਾਹਰੀ। ਨਕੋਂ ਮੂਹੋਂ ਬਾਹਰੀ ਦਾ ਅਰਥ ਇਹ ਹੈ, ਜੋ ਬਹੁਤ ਦਿੱਕ ਅਰ ਲਚਾਰ ਹੋਕੇ ਕਿਸੇ ਨੂੰ

ਕੁਛ ਵਸਤੁ ਦੇਵੀ; ਆਪਦੇ ਮਨ ਦੀ ਖੁਸੀ ਨਾਲ ਨਾ ਦੇਵੀ; ਅਰੇ ਕੋਈ ਵੰਮ ਲਚਾਰ ਹੋਕੇ ਕਰਨਾ; ਅਰੇ ਜਿਹੜੀ ਵਸਤੁ ਆਪ ਨੂੰ ਨਾ ਭਾਵੇ, ਅਤੇ ਖਾਂਦੇ ਖਾਂਦੇ ਉਸ ਥੋਂ ਮਨ ਮੁੜ ਜਾਵੇ, ਅਤੇ ਕਿਵੇਂ ਨਾ ਕੁਚੇ, ਤਾਂ ਅਲਕੁਚਦੇ ਜੀ ਨਾਲ ਉਹ ਵਸਤੁ ਕਿਸੇ ਨੂੰ ਚੱਕ ਦੇਵੀ ॥

੩੦ ਦਾਖੇ ਹੱਥ ਨ ਉਪੜੇ, ਥੂ ! ਕੌੜੀ ।

ਗਿੰਦੜ ਦਾਖ ਨ ਉਪੜੇ ਥੂ ਕੌੜੀ। ਗਿੰਦੜ ਦਾਖ ਦੀ ਬੇਲ ਹੇਠ ਥੂ ਕੌੜੀ ਥੂ ਕੌੜੀ ਆਖਦਾ ਫਿਰਦਾ ਸਾ; ਕਿਸੇ ਬੁਧਮਾਨ ਮਨੁਖ ਨੈ ਇਹ ਦਾ ਭੇਤ ਸਮਝ-ਕੇ ਕਿਹਾ, ਜੋ ਇਸ ਗਿੰਦੜ ਦਾ ਹੱਥ ਦਾਖ ਤੀਕੂਰ ਨਹੀਂ ਪਹੁਤਾ; ਇਸ ਲਈ ਥੂਕ ਥੂਕਕੇ ਆਖਦਾ ਹੈ, ਕਿ ਇਹ ਦਾਖ ਬਹੁਤ ਕੌੜੀ ਹੈ; ਤਾਂ ਲੋਕ ਇਹ ਨਾ ਜਾਨਲ, ਜੋ ਇਹ ਦੀ ਪਹੁੰਚ ਦਾਖ ਤੀਕੂਰ ਨਹੀਂ ਹੈ; ਬਲਕ ਇਹ ਗੱਲ ਸਮਝਲ, ਜੋ ਇਨ ਆਪੇ ਕੌੜੀ ਜਾਲਕੇ ਹੱਥ ਸੰਗੋੜਿਆ ਹੈ। ਇਸ ਦਾ ਅਰਥ ਇਹ ਹੈ, ਕਿ ਜੋ ਕੋਈ ਹੱਥ ਪਹੁੰਚਣਿਆਂ ਬੁਰਿਆਈ ਤੇ ਹੱਥ ਸੰਗੋੜੇ, ਅਤੇ ਭਲ ਚੁੰਦੇ ਨਭਾਲਾ ਬਲ ਰਹੇ, ਤਿਸ ਨੂੰ ਚੰਗਾ ਅਤੇ ਵਡਾ ਆਦਮੀ ਆਖੰਦੇ ਹਨ; ਅਲਪੁਜਦੇ ਦਾ ਤਾ ਹਰ ਕੋਈ ਪਰਹੇਜਗਾਰ ਹੈ ॥

੩੧ ਹੱਥ ਪੁਰ ਥੁੱਕ, ਤੇ ਮਾਉਂ ਆਖੇ ਮੇਰਾ ਪੁੱਤ ਰੁਪਏ ਹੀ ਪਰਖਦਾ ਹੈ ।

ਕਿਸੇ ਤ੍ਰੀਮਤ ਦੇ ਪੁੱਤ ਦੇ ਹੱਥ ਉੱਤੇ ਥੁੱਕ ਸੀ; ਜਾਂ ਕਰਜਾਈਆਂ ਨੈ ਅਰੇ ਤਗਾਦਾ ਕੀਤਾ, ਤਾਂ ਆਖਲ ਲੱਗੀ, ਦੇਖੋ ਮੇਰਾ ਪੁੱਤ ਰੁਪਏ ਪਰਖਦਾ ਹੈ, ਉਸ ਥੀਂ ਲੈਕੇ ਤੁਹਾ ਨੂੰ ਦਿੰਨੀ ਹਾਂ; ਖਾਤਰਜਮਾ ਰਖੋ; ਅਰਥਾਤ ਜੋ ਮਨੁਖ ਦਿਵਾਲੀਆ ਹੁੰਦਾ ਹੈ, ਸੋ ਇਸੀ ਤਰਾਂ ਟਾਲਾ ਬਾਲਾ ਕਰਦਾ ਰਹਿੰਦਾ ਹੈ, ਅਤੇ ਝੂਠ ਤੁਫਾਨ ਬੋਲਕੇ ਜਗਤ ਨੂੰ ਠਗਦਾ ਫਿਰਦਾ ਹੈ ॥

LIBRARY OF THE BOMBAY BRANCH OF THE ROYAL ASIATIC SOCIETY

00104857

Digitized with financial assistance from
Shri Brihad Bhartiya Samaj
on 31 October, 2019